1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 5-6

੪ ਵੈਸਾਖ ਤੋਂ ੨ ਜੇਠ ੨੦੮੨ ਬਿ.
16 April to 15 May 2025

# ਸਤਿਜੁਗ



10/-

ਸ੍ਰੀ ਸਤਿਗੁਰੂ ਜੀ ਨਿਊਜ਼ੀਲੈਂਡ ਦੇ ਦੌਰੇ ਦੌਰਾਨ ਸਾਧ-ਸੰਗਤ ਦੇ ਘਰਾਂ 'ਚ ਚਰਨ ਪਾਉਣ ਦੀ ਕਿਰਪਾ ਕਰਦੇ ਹੋਏ।

4 ਤੋਂ 8 ਅਪ੍ਰੈਲ 2025































# ਸਤਿਜੁਗ

੪ ਵੈਸਾਖ ਤੋਂ ੨ ਜੇਠ ੨੦੮੨ ਬਿ.
16 ਅਪ੍ਰੈਲ ਤੋਂ 15 ਮਈ 2025 ਈ.
ਜਿਲਦ 105, ਨੰਬਰ 5-6



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


## ਤਤਕਰਾ


* ਸੰਪਾਦਕੀ........................................4
* ਗੁਰਬਾਣੀ ਵਿਆਖਿਆ........................................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ........................................8
* ਸ੍ਰੀ ਹੇਮਕੁੰਟ ਸਾਹਿਬ-ਖੋਜ ਅਤੇ ਗੁਰੂ ਧਾਮ ਦੀ ਉਸਾਰੀ
  ਦੇਵਿੰਦਰ ਸਿੰਘ ਗਿੱਲ........................................9
* ਸਿਖ ਧਰਮ ਅਤੇ ਜੀਵ ਹਿੰਸਾ
  ਇੰਦਰ ਸਿੰਘ ਚਕ੍ਰਵਰਤੀ........................................12
* ਗੁਰੂ ਅਰਜਨ ਦੇਵ ਜੀ ਦਾ ਜੀਵਨ ਅਤੇ ਉਪਦੇਸ਼
  ਡਾ. ਚਰਨਜੀਤ ਸਿੰਘ........................................15
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ........................................18
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ........................................21
* **Jaw-dropping 3D scan shows a section of a MOUSE BRAIN the size of a grain of sand as no one has EVER seen it before**
  **JOSE RAMOS ........................................24**
* **CORE VALUES IN SIKHISM: A WAY OF LIFE**
  **Dr. Ravinder Kaur Cheema........................................25**
* **Sri Satguru Jagjit Singh Ji: Golden Era for the Namdharis**
  **Amar Kaur Randhawa, USA........................................30**
* ਖ਼ਬਰਨਾਮਾ........................................33
* **Matrimonial........................................42**


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
# ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਕਸ਼ਮੀਰ ਦੇ ਪਹਿਲਗਾਮ ਜ਼ਿਲ੍ਹੇ ਦੀ ਬੈਸਾਰਨ ਵਾਦੀ ਨਿਰਦੋਸ਼ ਸੈਲਾਨੀਆਂ ਦੇ ਖ਼ੂਨ ਨਾਲ ਰੰਗੀ ਗਈ। 22 ਅਪ੍ਰੈਲ ਨੂੰ ਇਹ ਮੰਦਭਾਗੀ ਘਟਨਾ ਉਸ ਸਮੇਂ ਵਾਪਰੀ ਜਦੋਂ ਮਿੰਨੀ ਸਵਿਜ਼ਰਲੈਂਡ ਕਹੀ ਜਾਣ ਵਾਲੀ ਇਹ ਵੱਡ ਅਕਾਰੀ ਵਾਦੀ ਅੰਦਰ ਆਪਣੇ ਪਰਿਵਾਰਾਂ ਨਾਲ ਗਏ ਸੈਲਾਨੀਆਂ ਨੂੰ ਦਹਿਸ਼ਦਗਰਦਾ ਨੇ ਗੋਲੀਆਂ ਮਾਰੀਆਂ। ਇਸ ਘਟਨਾਂ ਵਿੱਚ 26 ਬੰਦੇ ਮਾਰੇ ਗਏ। ਹੁਣ ਤੱਕ ਕਸ਼ਮੀਰ ਵਿੱਚ ਹੋਏ ਯਾਤਰੀਆਂ 'ਤੇ ਹਮਲਿਆਂ ਵਿਚੋਂ ਇਹ ਸਭ ਤੋਂ ਵੱਡਾ ਹਮਲਾ ਸੀ। ਦੁਨੀਆਂ ਭਰ ਵਿਚ ਇਸ ਕਤਲੇਆਮ ਦੀ ਚਰਚਾ ਹੋ ਰਹੀ ਹੈ। ਭਾਰਤ ਅਤੇ ਪਾਕਿਸਤਾਨ ਦੇ ਦੁਵੱਲੇ ਰਿਸ਼ਤਿਆਂ ਅੰਦਰ ਫਿਰ ਖਟਾਸ ਪੈਦਾ ਹੋ ਗਈ ਹੈ। ਭਾਰਤ ਨੇ ਇਸ ਵੱਡੇ ਆਤੰਕੀ ਹਮਲੇ ਦਾ ਕਸੂਰਵਾਰ ਪਾਕਿਸਤਾਨ ਨੂੰ ਠਹਿਰਾਇਆ ਹੈ। ਅਜੇ ਤੱਕ ਕਿਸੇ ਆਤੰਕੀ ਸੰਗਠਨ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ ਪਰ ਦੋਵੇਂ ਦੇਸ਼ ਇਕ ਦੂਜੇ ਖ਼ਿਲਾਫ਼ ਸ਼ਬਦੀ ਵਾਰ ਕਰ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਪਾਕਿਸਤਾਨ ਕਸ਼ਮੀਰ ਵਿੱਚ ਸਰਗਰਮ ਵੱਖ-ਵੱਖ ਹਿੰਸਕ ਸੰਗਠਨਾਂ ਦਾ ਸਮਰਥਕ ਹੈ। ਦੇਸ਼ ਆਜ਼ਾਦੀ ਤੋਂ ਬਾਅਦ ਕਸ਼ਮੀਰ ਦੀ ਖ਼ੂਬਸੂਰਤ ਵਾਦੀ ਲਗਾਤਾਰ ਖ਼ੂਨ ਖ਼ਰਾਬੇ ਦੀ ਸ਼ਿਕਾਰ ਰਹੀ ਹੈ।

ਅਸਲ ਵਿੱਚ ਆਜ਼ਾਦੀ ਤੋਂ ਬਾਅਦ ਕਸ਼ਮੀਰ ਵਾਦੀ ਬਾਰੇ ਜੋ ਫੈਸਲੇ ਹੋਏ ਉਨ੍ਹਾਂ ਦੀ ਬੁਨਿਆਦ ਅਸਪਸ਼ਟ ਰਹੀ। ਇਸ ਮੁੱਦੇ ਨੂੰ ਸੁਲਝਾਉਣ ਦੀ ਜਗ੍ਹਾ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੇ ਇਸ ਨੂੰ ਰਾਜਨੀਤਿਕ ਮੁੱਦਾ ਬਣਾਇਆ ਹੈ। ਇਸ ਗੱਲ ਦੀ ਮਾਰ ਕਸ਼ਮੀਰੀ ਆਮ ਲੋਕਾਂ ਨੂੰ ਝੱਲਣੀ ਪੈ ਰਹੀ ਹੈ। ਕਸ਼ਮੀਰ ਮੁੱਦੇ ਨੂੰ ਸਮਝਣ ਲਈ ਸ਼ੁਰੂਆਤੀ ਕੁਝ ਨੁਕਤਿਆਂ 'ਤੇ ਵਿਚਾਰ ਕਰਨੀ ਜ਼ਰੂਰੀ ਹੈ।

ਬਰਤਾਨਵੀ ਪ੍ਰਧਾਨ ਮੰਤਰੀ ਕਲੀਮੈਂਟ ਏਟਲੀ ਨੇ ਅਤੇ ਭਾਰਤ ਦੇ ਕੈਬਨਿਟ ਮਿਸ਼ਨ ਦੀਆਂ ਕਾਰਵਾਈਆਂ ਨੇ ਇਹ ਗੱਲ ਸਪਸ਼ਟ ਕਰ ਦਿੱਤੀ ਸੀ ਕਿ ਭਾਰਤ ਹੁਣ ਆਜ਼ਾਦ ਹੋਵੇਗਾ ਅਤੇ ਇਸ ਦੀ ਵੰਡ ਵੀ ਤੈਅ ਹੈ। ਹੁਣ ਭਾਰਤ ਵਿੱਚ 565 ਰਿਆਸਤਾਂ ਦੇ ਰਜਵਾੜਿਆਂ ਨੇ ਇਹ ਫੈਸਲਾ ਕਰਨਾ ਸੀ ਕਿ ਉਹਨਾਂ ਦੋਵਾਂ ਦੇਸ਼ਾ ਵਿਚੋਂ ਕਿਸ ਨੂੰ ਚੁਨਣਾ ਹੈ ਜਾਂ ਸੁਤੰਤਰ ਰਹਿਣਾ ਹੈ। ਸੁਤੰਤਰ ਰਹਿਣ ਦੀ ਗੱਲ ਬਾਰੇ ਬਰਤਾਨਵੀ ਪ੍ਰਧਾਨ ਮੰਤਰੀ ਨੇ "ਹਾਊਸ ਆਫ਼ ਕਾਮਨਸ" ਵਿੱਚ ਜੁਲਾਈ 1947 ਵਿਚ ਬੋਲਦੇ ਹੋਏ ਕਿਹਾ "ਸਹੀ ਸਮੇਂ ਵਿੱਚ ਸਾਰੇ ਰਜਵਾੜੇ ਇਨ੍ਹਾਂ ਦੋਹਾਂ ਦੇਸ਼ਾਂ ਵਿਚੋਂ ਕਿਸੇ ਇਕ ਵਿੱਚ ਸ਼ਾਮਲ ਹੋ ਹੀ ਜਾਣਗੇ। ਅੱਗੇ ਉਹ ਗੱਲ ਜਾਰੀ ਰੱਖਦਿਆਂ ਕਹਿੰਦੇ ਹਨ ਕਿ ਜੇਕਰ ਕੋਈ ਰਾਜਾ ਆਜ਼ਾਦ ਰਹਿਣ 'ਤੇ ਬਜ਼ਿਦ ਹੈ ਤਾਂ ਉਸ ਨੂੰ ਮੇਰੀ ਸਲਾਹ ਇਹ ਹੋਵੇਗੀ ਕਿ ਆਪਣਾ ਪੂਰਾ ਸਮਾਂ ਲਓ ਤੇ ਫੇਰ ਤੋਂ ਸੋਚੋ। ਮੈਨੂੰ ਉਮੀਦ ਹੈ ਕਿ ਜਲਦਬਾਜ਼ੀ ਵਿੱਚ ਅਜਿਹਾ ਕੋਈ ਫੈਸਲਾ ਨਹੀਂ ਲਿਆ ਜਾਵੇਗਾ, ਜਿਸ ਨੂੰ ਕਿ ਬਾਅਦ ਵਿੱਚ ਬਦਲਿਆ ਨਾ ਜਾ ਸਕੇ। ਇਸ ਹੀ ਮਹੀਨੇ ਹਾਊਸ ਆਫ਼ ਕਾਮਨਸ ਵਿਚ ਬੋਲਦਿਆਂ ਭਾਰਤ ਦੇ ਲਈ ਨਿਯੁਕਤ 'ਸੈਕਰੇਟਰੀ ਆਫ਼ ਸਟੇਟਸ' ਲਾਰਡ ਸਿਸਟੋਵੇਲ ਨੇ ਕਿਹਾ ਕਿ ਬਰਤਾਨਵੀ ਸਰਕਾਰ ਕਿਸੇ ਵੀ ਸੂਬੇ ਦੀ ਆਜ਼ਾਦ ਕੌਮਾਂਤਰੀ ਹੋਂਦ ਨੂੰ ਮਾਨਤਾ ਨਹੀਂ ਦਿੰਦੀ ਹੈ।"

ਇਸ ਤਰ੍ਹਾਂ ਹੀ ਲਾਰਡ ਮਾਊਂਟਬੈਟਨ ਨੇ 25 ਜੁਲਾਈ 1947 ਈ. ਨੂੰ ਹੋਈ ਰਜਵਾੜਿਆ ਦੀ ਨੁਮਾਇੰਦਿਆਂ ਦੀ ਇਕ ਬੈਠਕ 'ਚੈਂਬਰ ਆਫ਼ ਪ੍ਰਿੰਸੇਜ਼' ਵਿੱਚ ਬੋਲਦਿਆਂ ਕਿਹਾ "ਤੁਸੀਂ ਨਾ ਤਾਂ ਉਨ੍ਹਾਂ ਲੋਕਾਂ ਤੋਂ ਭੱਜ ਸਕਦੇ ਹੋ, ਜਿਸ ਦੀ ਭਲਾਈ ਲਈ ਤੁਸੀਂ ਜ਼ਿੰਮੇਵਾਰ ਹੋ, ਨਾ ਹੀ ਉਸ ਦੇਸ਼ ਦੀ ਸਰਕਾਰ ਤੋਂ, ਜੋ ਤੁਹਾਡੇ ਗੁਆਂਢ ਵਿਚ ਹੈ" ਇਹ ਗੱਲ ਮਾਊਂਟਬੈਟਨ ਨੇ ਇਸ ਲਈ ਕਹੀ ਕਿਉਂਕਿ ਕੁਝ ਰਜਵਾੜੇ ਆਪਣੀ ਭੂਗੋਲਿਕ ਸਥਿਤੀ ਨੂੰ ਨਜ਼ਰ ਅੰਦਾਜ ਕਰਕੇ ਸੁਤੰਤਰ ਹੋਣ ਦਾ ਫੈਸਲਾ ਲੈਣਾ ਚਾਹੁੰਦੇ ਸੀ। ਉਪਰੋਕਤ ਗੱਲਾਂ ਤੋਂ ਸਪਸ਼ਟ ਹੈ ਕਿ ਰਜਵਾੜਿਆਂ ਨੂੰ ਦੋਵਾਂ ਦੇਸ਼ਾਂ ’ਚੋਂ ਇਕ ਨੂੰ ਚੁਨਣਾ ਹੀ ਪੈਣਾ ਸੀ ਸੁਤੰਤਰ ਰਹਿਣ ਦੀ ਕੋਈ ਗੰਜਾਇਸ਼ ਨਹੀਂ ਸੀ।

ਬਾਕੀ ਰਿਆਸਤਾਂ ਤੋਂ ਕਸ਼ਮੀਰ ਦੀ ਭੂਗੋਲਿਕ ਸਥਿਤੀ ਵਖਰੀ ਕਿਸਮ ਦੀ ਸੀ। ਦੋਵੇਂ ਦੇਸ਼ਾਂ ਦੀਆਂ ਹੱਦਾਂ ਕਸ਼ਮੀਰ ਨਾਲ ਲਗਦੀਆਂ ਸਨ। ਪਰ ਰਾਜਾ ਹਰੀ ਸਿੰਘ ਅਤੇ ਪ੍ਰਧਾਨ ਮੰਤਰੀ ਰਾਮਚੰਦਰ ਕਾਕ ਸੁਤੰਤਰ ਰਹਿਣ ਵਾਲਾ ਰਸਤਾ ਚੁਨਣਾ ਚਾਹੁੰਦੇ ਸੀ। ਇਕ ਹਿੰਦੂ ਰਾਜਾ ਹੋਣ ਕਰਕੇ ਉਹ ਪਾਕਿਸਤਾਨ ਨਾਲ ਨਹੀਂ ਜਾ ਸਕਦਾ ਸੀ ਪਰ ਉਸ ਦੀ ਰਿਆਸਤ ਮੁਸਲਿਮ ਬਹੁ-ਗਿਣਤੀ ਦੀ ਸੀ ਜਦੋਂ ਕਿ ਦੇਸ਼ ਦੀ ਵੰਡ ਹੀ ਧਰਮ ਅਧਾਰਿਤ ਸੀ। ਕਸ਼ਮੀਰ ਬਾਰੇ ਫੈਸਲੇ ਵਿੱਚ ਉਸ ਸਮੇਂ ਦੀ ਮੁੱਖ ਲੀਡਰਸ਼ਿਪ ਅੰਦਰ ਵੀ ਮੱਤਭੇਦ ਸੀ। ਪਟੇਲ ਨੂੰ ਕਸ਼ਮੀਰ ਦੇ ਪਾਕਿਸਤਾਨ ਨਾਲ ਮਿਲਣ ’ਤੇ ਕੋਈ ਅਪੱਤੀ ਨਹੀਂ ਸੀ ਪਰ ਨਹਿਰੂ ਕਸ਼ਮੀਰ ਨੂੰ ਹਿੰਦੁਸਤਾਨ ਨਾਲ ਮਿਲਾਉਣ ਲਈ ਲਗਾਤਾਰ ਯਤਨਸ਼ੀਲ ਸਨ। ਰਾਜਾ ਹਰੀ ਸਿੰਘ ਸ਼ੇਖ ਅਬਦੁਲਾ ਦਾ ਕੱਟੜ ਵਿਰੋਧੀ ਸੀ ਇਸ ਕਰਕੇ ਜੇ ਉਹ ਭਾਰਤ ਨਾਲ ਮਿਲਦਾ ਸੀ ਤਾਂ ਉਸ ਵਲੋਂ ਸ਼ੇਖ ਅਬਦੁਲਾ ਤੇ ਨੈਸ਼ਨਲ ਕਾਂਗਰਸ ਨੂੰ ਅਹਿਮੀਅਤ ਦੇਣੀ ਸੀ। ਰਾਜਾ ਕਰਣ ਸਿੰਘ ਆਪਣੇ ਪਿਤਾ ਰਾਜਾ ਹਰੀ ਸਿੰਘ ਬਾਰੇ ਆਪਣੀ ਸਵੈ-ਜੀਵਨੀ ਹੇਅਰ ਏਪ੍ਰੈਂਟ ਵਿਚ ਇਸ ਵਿਡੰਬਣਾ ਭਰੀ ਸਥਿਤੀ ਬਾਰੇ ਲਿਖਦਾ ਹੈ। ਉਸ ਵੇਲੇ ਭਾਰਤੀ ਉਪ ਮਹਾਂਦੀਪ ਵਿੱਚ ਚਾਰ ਪ੍ਰਮੁੱਖ ਤਾਕਤਾਂ ਸਨ ਅਤੇ ਮੇਰੇ ਪਿਤਾ ਮਹਾਰਾਜਾ ਹਰੀ ਸਿੰਘ ਦੇ ਰਿਸ਼ਤੇ ਸਾਰਿਆਂ ਨਾਲ ਦੁਸ਼ਮਣੀ ਵਾਲੇ ਸਨ।" ਹਰੀ ਸਿੰਘ ਨੇ ਸਹੀ ਸਮੇਂ ਕੋਈ ਫੈਸਲਾ ਨਾ ਲਿਆ ਜਦੋਂ ਫੈਸਲਾ ਲਿਆ ਉਸ ਸਮੇਂ ਉਸ ਕੋਲ ਹੋਰ ਕੋਈ ਚਾਰਾ ਨਹੀਂ ਬਚਿਆ ਸੀ। ਇਸ ਕਰਕੇ ਆਰੰਭ ਤੋਂ ਹੀ ਇਸ ਕਸ਼ਮੀਰ ਦੀ ਵਾਦੀ ਵਿਚ ਸਮੱਸਿਆ ਪੈਦਾ ਹੋ ਗਈ। ਅੱਜ ਇਕ ਵਾਰ ਫਿਰ ਦੋਵੇ ਦੇਸ਼ ਇਸ ਮੁੱਦੇ ’ਤੇ ਆਮ੍ਹਣੇ-ਸਾਮ੍ਹਣੇ ਹਨ। ਵਪਾਰ, ਕਾਰੋਬਾਰ, ਸਭ ਠੱਪ ਵੱਡੀ ਗਿਣਤੀ ਵਿੱਚ ਜੋ ਟੂਰਸਿਟ ਕਸ਼ਮੀਰ ਘੁੰਮਣ ਜਾਂਦਾ ਸੀ ਉਹ ਇਸ ਦਹਿਸ਼ਤ ਭਰੇ ਮਹੌਲ ਤੋਂ ਕਿਨਾਰਾ ਕਰੇਗਾ। ਕਸ਼ਮੀਰ ਦਾ ਟੂਰਿਸਟ ’ਤੇ ਖੜਾ ਵੱਡਾ ਕਾਰੋਬਾਰ ਲਈ ਇਹ ਸਾਲ ਮੰਦਹਾਲੀ ਵਾਲਾ ਹੈ। ਇਹ ਅੱਗ ਦੀ ਖੇਡ ਵਿੱਚ ਪਤਾ ਨਹੀਂ ਕਿੰਨੇ ਨਿਰਦੋਸ਼ ਬਲੀ ਚੜਣਗੇ??

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

ੴ
God is Universal
He is present everywhere

**ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**
'Truth' is His Name
He is the creator of the universe and is present everywhere He has no fear, He has no envy
He is timeless, free from cycle of life and death and is not born in any particular form
He Himself is His own Creator; God of the above-mentioned characters can be found
by the blessings of the *Guru*

**ਆਸਾ ਮਹਲਾ 1 ॥**
**ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥**
Composition, along with the verses; written by the first Guru, to the tune of Tunda Asraaj.

**ਸਲੋਕੁ ਮਃ 1 ॥**
**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥**
ਮੈਂ ਆਪਣੇ ਗੁਰੂ ਤੋਂ ਹਰ ਦਿਨ ਸੈਂਕੜੇ ਵਾਰ ਬਲਿਹਾਰ ਜਾਂਦਾ ਹਾਂ।
I am a sacrifice to my Guru, hundred times a day,

**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥1॥**
ਜਿਸਨੇ ਮੈਨੂੰ ਬਿਨਾਂ ਕਿਸੇ ਦੇਰੀ ਦੇ ਸਧਾਰਨ ਮਨੁੱਖ ਤੋਂ ਗਿਆਨੀ ਮਨੁੱਖ ਬਣਾ ਦਿੱਤਾ।
who has turned ordinary humans into angels without any delay

**ਮਹਲਾ 2 ॥**
**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**
ਜੇ ਪ੍ਰਕਿਰਤੀ ਦੇ ਨਿਯਮ ਤੋਂ ਉਲਟ ਸੈਂਕੜੇ ਚੰਦ ਅਤੇ ਹਜ਼ਾਰਾਂ ਹੀ ਸੂਰਜ ਚੜ੍ਹ ਜਾਣ।
If hundreds of moons and thousands of suns arise,

**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥2॥**
ਏਨੇ ਚਾਨਣ ਦੇ ਹੁੰਦਿਆਂ ਹੋਇਆਂ ਵੀ ਗੁਰੂ ਤੋਂ ਬਿਨਾਂ ਸਾਡੇ ਮਨਾਂ ਵਿੱਚ ਘੁੱਪ ਹਨ੍ਹੇਰਾ ਹੀ ਰਹੇਗਾ।
even with such illumination,
one would remain in absolute darkness (ignorance) without the Guru.

**ਮਃ 1 ॥**

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥**

ਸ੍ਰੀ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਗੁਰੂ ਨੂੰ ਨਹੀਂ ਸਿਮਰਦੇ
ਅਤੇ ਆਪਣੇ ਮਨ ਵਿੱਚ ਬਹੁਤ ਹੁਸ਼ਿਆਰ ਬਣਦੇ ਹਨ।
O Nanak! Those who do not remember the Guru and pretend themselves to be clever,

**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥**

ਉਨ੍ਹਾਂ ਦੀ ਹਾਲਤ ਖੇਤ ਵਿੱਚ ਖੜ੍ਹੇ ਤਿਲਾਂ ਤੋਂ ਖਾਲੀ ਬੂਟਿਆਂ ਵਰਗੀ ਹੁੰਦੀ ਹੈ।
Such people are like the unproductive sesame plants,

**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਖੇਤ ਅੰਦਰ ਛੁੱਟੇ ਖਾਲੀ ਬੂਟਿਆਂ ਦਾ ਕੋਈ ਮਾਲਕ ਨਹੀਂ ਬਣਦਾ।
which remain scattered in the field without owner,

**ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥3॥**

ਉਹ ਵਿਚਾਰੇ ਫਲਦੇ ਫੁੱਲਦੇ ਵੀ ਹਨ ਤਾਂ ਵੀ ਬੀਜ ਦੀ ਥਾਂ ਉਹਨਾਂ ਵਿੱਚ ਸੁਆਹ ਹੀ ਰਹਿ ਜਾਂਦੀ ਹੈ।
Even though sesame develops and bears flowers,
however flowers remain filled with ashes rather than seed
(the arrogant people do not attain spiritual wisdom)

**ਪਉੜੀ ॥**

**ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥**

ਪਰਮਾਤਮਾ ਨੇ ਆਪਣੀ ਸਾਜਣਾ ਆਪ ਹੀ ਕੀਤੀ ਅਤੇ ਹੋਂਦ ਦਾ ਪ੍ਰਗਟਾਵਾ ਵੀ ਖ਼ੁਦ ਹੀ ਕੀਤਾ।
God created himself and His own Name.

**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**

ਫਿਰ ਪ੍ਰਭੂ ਨੇ ਕੁਦਰਤ ਦੀ ਸਾਜਣਾ ਕੀਤੀ ਅਤੇ
ਉਸ ਵਿਚ ਨਿਵਾਸ ਰੱਖ ਕੇ ਜਗਤ ਤਮਾਸ਼ੇ ਨੂੰ ਖੁਸ਼ੀ ਨਾਲ ਵੇਖਦਾ ਪਿਆ ਹੈ।
Secondly, he fashioned the creation, resides within and beholds it with delight.

**ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥**

ਹੇ ਸਿਰਜਣਹਾਰ! ਤੂੰ ਹੀ ਕੁਦਰਤ ਵਿੱਚ ਮੌਜੂਦ ਸਾਰੀਆਂ ਦਾਤਾਂ ਦਾ ਮਾਲਕ ਹੈਂ
ਅਤੇ ਖੁਸ਼ ਹੋ ਕੇ, ਬਖ਼ਸ਼ਿਸ਼ਾਂ ਕਰਦਾ ਹੈਂ।
You Yourself are the master of everything;
You bestow blessings as You please.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

# ਉਪਦੇਸ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**6 ਅਪ੍ਰੈਲ 2025** **ਨਿਊਜੀਲੈਂਡ**

ਪਰਮ ਸਤਕਾਰ ਯੋਗ ਸਾਧ ਸੰਗਤ ਜੀ ਆਪ ਸਭ ਦੇ ਸਹਿਯੋਗ ਨਾਲ ਆਸਾ ਦੀ ਵਾਰ ਦਾ ਕੀਰਤਨ ਸੁਣਨ ਦਾ ਮੌਕਾ ਮਿਲਿਆ ਹੈ। ਅੱਜ ਪਹਿਲੀ ਵਾਰ ਨਿਊਜੀਲੈਂਡ ਦੀ ਸਾਧ ਸੰਗਤ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਸਭ ਤੋਂ ਪਹਿਲਾ ਸਾਰੇ ਜਾਣੇ ਗੱਜ ਕੇ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।

ਆਪ ਜੀ ਨੂੰ ਸਿੱਖੀ ਸਰੂਪ ਵਿੱਚ ਦੇਖ ਕੇ ਬੜੀ ਖੁਸ਼ੀ ਹੋਈ ਹੈ। ਆਪ ਸਾਰੇ ਕੋਸ਼ਿਸ਼ ਕਰਿਆ ਕਰੋ ਕਿ ਗੁਰਬਾਣੀ ਸਮਝ ਆਵੇ। ਸਾਡਾ ਮਨ ਹਮੇਸ਼ਾ ਕਿਸੇ ਨਾ ਕਿਸੇ ਚੀਜ਼ ਵਿੱਚ ਲੱਗਾ ਰਹਿੰਦਾ ਹੈ ਪਰ "ਮਨ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥" ਸਤਿਗੁਰੂ ਦੀ ਕਿਰਪਾ ਤੋਂ ਬਿਨਾਂ ਮਨ ਵੱਸ ਵਿੱਚ ਨਹੀਂ ਆ ਸਕਦਾ।

ਆਪ ਜਦੋਂ ਵੀ ਕਿਤੇ ਜਾਂਦੇ ਹੋ ਤਾਂ ਅਰਦਾਸ ਕਰਕੇ ਜਾਈਏ। ਸਾਡੇ ਬੱਚਿਆਂ ਨੂੰ ਵੀ ਅਰਦਾਸ ਆਉਂਦੀ ਹੋਵੇ। ਅਰਦਾਸ ਕਰਨ ਨਾਲ ਸਾਡੇ ਮਨ ਵਿੱਚ ਇਹ ਆ ਜਾਵੇਗਾ ਕਿ ਸਭ ਕੁਝ ਦੇਣ ਵਾਲਾ ਪ੍ਰਮਾਤਮਾ ਸਾਡੇ ਨਾਲ ਹੈ। ਸਾਨੂੰ ਸਭ ਨੂੰ ਅਰਦਾਸ ਯਾਦ ਹੋਣੀ ਹੀ ਚਾਹੀਦੀ ਹੈ। ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥ ਪ੍ਰਮਾਤਮਾ ਦੇ ਦਿਤਿਆ ਕਿਸੇ ਚੀਜ਼ ਦੀ ਘਾਟ ਨਹੀਂ ਆਉਂਦੀ ਹੈ। ਜੇਕਰ ਸਾਡੇ ਉਤੇ ਪ੍ਰਮਾਤਮਾ ਦੀ ਕਿਰਪਾ ਹੋ ਜਾਂਦੀ ਹੈ ਤਾਂ ਸਾਨੂੰ ਹੋਰ ਕਿਸੇ ਦੀ ਲੋੜ ਨਹੀਂ ਰਹਿੰਦੀ। ਜਦੋਂ ਸਾਨੂੰ ਇਹ ਪਤਾ ਲੱਗ ਗਿਆ ਕਿ ਸਾਨੂੰ ਸਭ ਨੂੰ ਦੇਣ ਵਾਲਾ ਇਕੋ ਪ੍ਰਮਾਤਮਾ ਹੈ ਤਾਂ ਸਾਨੂੰ ਕਿਸੇ ਦਾ ਭੈਅ ਵੀ ਨਹੀਂ ਰਹਿ ਜਾਂਦਾ।



ਸਤਿਗੁਰੂ ਰਾਮ ਸਿੰਘ ਜੀ ਦਾ ਇਕ ਬੜਾ ਪਿਆਰਾ ਹੁਕਮ ਹੈ ਕਿ ਜੋ ਨਾਮ ਜੱਪਦੇ ਹਨ ਉਹ ਭੁਲਦੇ ਵੇਖੇ ਹਨ ਪਰ ਜੋ ਨਾਮ ਦੇ ਨਾਲ ਗੁਰਬਾਣੀ ਪੜ੍ਹਦੇ ਹਨ ਉਹ ਕਦੇ ਵੀ ਭੁੱਲਦੇ ਨਹੀਂ ਹਨ। ਕਿਉਂਕਿ ਗੁਰਬਾਣੀ ਸਾਨੂੰ ਸਿੱਖਿਆ ਦਿੰਦੀ ਹੈ। ਗੁਰਬਾਣੀ ਭਾਵੇਂ ਥੋੜੀ-ਥੋੜੀ ਪੜ੍ਹੋ ਪਰ ਪੜ੍ਹਿਆ ਜ਼ਰੂਰ ਕਰੋ। ਗੁਰਬਾਣੀ ਨੂੰ ਪੜ੍ਹਨ ਤੋਂ ਬਾਅਦ ਉਸ ਨੂੰ ਸਮਝਣ ਦੀ ਵੀ ਜ਼ਰੂਰ ਕੋਸ਼ਿਸ਼ ਕਰੋ। ਜੋ ਸਾਨੂੰ ਗੁਰਬਾਣੀ ਵਿੱਚ ਹੁਕਮ ਹੋਏ ਹਨ ਗੁਰਬਾਣੀ ਸਾਨੂੰ ਉਹਨਾਂ ਉਪਰ ਚੱਲਣ ਦਾ ਬਲ ਵੀ ਬਖਸ਼ਦੀ ਹੈ। ਜਿਨ੍ਹਾਂ ਚਿਰ ਅਸੀਂ ਇਥੇ ਰਹਿਣਾ ਹੈ ਤੁਸੀਂ ਬੱਚੇ ਭਾਵੇਂ ਬੀਬੀਆਂ ਕੋਈ ਵੀ ਸਾਡੇ ਨਾਲ ਵਿਚਾਰ ਕਰ ਸਕਦੇ ਹੋ। ਨਾਮ ਜਪਣ ਅਤੇ ਗੁਰਬਾਣੀ ਪੜ੍ਹਨ ਨਾਲ ਸਾਨੂੰ ਸੁੱਖ ਮਿਲਦਾ ਹੈ।

ਭਟਕਣ ਤਾਂ ਕਦੇ ਮੁੱਕਦੀ ਹੀ ਨਹੀਂ। ਅਸੀਂ ਪ੍ਰਮਾਤਮਾ ਤੋਂ ਮੰਗਦੇ ਹਾਂ ਕਿ ਇਹ ਕੰਮ ਹੋ ਜਾਵੇ ਜਦੋਂ ਇਕ ਕੰਮ ਹੋ ਜਾਂਦਾ ਹੈ ਫਿਰ ਦੂਜੇ ਕੰਮ ਲਈ ਮੰਗਣਾ ਸ਼ੁਰੂ ਕਰ ਦਿੰਦੇ ਹਾਂ।

ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਦੇ ਸਨ ਕਿ ਸਾਡੀਆਂ ਮੰਗਾਂ ਤਾਂ ਬਹੁਤ ਉਰੇ ਰਹਿ ਜਾਂਦੀਆ ਹਨ ਪਰ ਜੋ ਕੁਝ ਸਤਿਗੁਰੂ ਨੇ ਸਾਨੂੰ ਦੇਣਾ ਹੈ ਉਹ ਤਾਂ ਬਹੁਤ ਪਰੇ ਦਾ ਹੈ।

ਜਿਨ੍ਹਾਂ ਕਰਕੇ ਅਸੀਂ ਸਾਰੇ ਇਕੱਠੇ ਹੋਏ ਹਾਂ ਸਾਨੂੰ ਇਹ ਮੌਕਾ ਮਿਲਿਆ ਹੈ ਅਸੀਂ ਸਾਰੇ ਸਿਮਰਨ ਨਾਲ ਜੁੜ ਸਕੀਏ, ਗੁਰਬਾਣੀ ਨਾਲ ਜੁੜ ਸਕੀਏ। ਗੁਰਬਾਣੀ ਅਤੇ ਸਿਮਰਨ ਨਾਲ ਜੁੜ ਕੇ ਅਸੀਂ ਅਨੰਦ ਵਿੱਚ ਰਹਿ ਸਕੀਏ। ਸਾਡੀਆਂ ਚਿੰਤਾਵਾਂ ਤੇ ਭਟਕਣਾ ਮੁੱਕ ਜਾਣ ਇਹੀ ਅਰਦਾਸ ਕਰਦੇ ਹੋਏ ਆਪ ਜੀ ਤੋਂ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ

# ਸ੍ਰੀ ਹੇਮਕੁੰਟ ਸਾਹਿਬ-ਖੋਜ ਅਤੇ ਗੁਰੂ ਧਾਮ ਦੀ ਉਸਾਰੀ



**ਦੇਵਿੰਦਰ ਸਿੰਘ ਗਿੱਲ**
**94177-69103**

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਲੀਲਾ ਬਹੁਤ ਵਚਿੱਤਰ ਹੈ। ਉਹ ਪੰਜ-ਭੂਤਕ ਸਰੀਰ ਵਿੱਚ ਰਹਿ ਕੇ ਬਹੁਤ ਸਾਰੇ ਅਦੁੱਤੀ ਕਾਰਨਾਮੇ ਕਰ ਗਏ ਜੋ ਹੋਰ ਕੋਈ ਵਲੀ ਔਲੀਆ, ਪੀਰ-ਪੈਗੰਬਰ ਸੌ ਸਾਲ ਤੋਂ ਵੱਧ ਉਮਰ ਭੋਗ ਕੇ ਨਾ ਕਰ ਸਕਿਆ। ਗੁਰੂ ਸਾਹਿਬਾਨਾਂ ਵਿੱਚੋਂ ਦਸਮ ਪਾਤਸਾਹ ਜੀ ਹਨ ਜਿੰਨ੍ਹਾ ਦੇ ਪੂਰਬਲੇ ਜਨਮ ਦੀ ਖੋਜ ਵਿੱਚੋਂ ਬਹੁਤ ਗਿਆਨ ਹਾਸਲ ਹੁੰਦਾ ਹੈ। ਅਸਲ ਵਿੱਚ ਸਵੈ ਜੀਵਨੀ ਦੀ ਰਚਨਾ ਕਰਨਾ ਸਾਡੇ ਭਾਰਤੀ ਲੋਕਾਂ ਦਾ ਸ਼ੋਕ ਨਹੀਂ ਸੀ। ਗੁਰੂ ਸਾਹਬਾਂ ਨੇ ਅਦੁੱਤੀ ਧੁਰ ਕੀ ਬਾਣੀ ਨੂੰ ਕਲਮਬੱਧ ਤਾਂ ਕੀਤਾ ਪਰ ਸਵੈਜੀਵਨੀ ਰਚਣ ਦਾ ਉੱਦਮ ਨਾ ਕੀਤਾ। ਕੇਵਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਹਨ ਜਿੰਨ੍ਹਾਂ ਬਾਰੇ ਕੁਝ ਗਿਆਨ ਉਹਨਾਂ ਦੀ ਆਪਣੀ ਰਚਨਾ 'ਬਚਿੱਤਰ ਨਾਟਕ' ਵਿੱਚੋਂ ਹਾਸਲ ਹੁੰਦਾ ਹੈ। ਚਾਹੇ ਇਹ ਗਿਆਨ ਅਧੂਰਾ ਹੀ ਹੈ, ਮੁਕੰਮਲ ਨਹੀਂ ਪਰੰਤੂ ਫਿਰ ਵੀ ਉਸ ਤੋਂ ਠੋਸ ਤੇ ਨਿੱਗਰ ਵਾਕਫੀ ਹਾਸਲ ਹੁੰਦੀ ਹੈ। ਇਸ ਵਿੱਚ ਗੁਰੂ ਜੀ ਛੇਵੇਂ ਹਿੱਸੇ ਵਿੱਚ ਆਪਣੇ ਪੂਰਬਲੇ ਜਨਮ ਬਾਰੇ ਦੱਸਦੇ ਹਨ ਕਿ ਆਪ ਜੀ ਹੇਮਕੁੰਟ ਪਰਬਤ ਤੇ ਤਪੱਸਿਆ ਕਰਦੇ ਹੋਏ ਪ੍ਰਭੂ ਵਿੱਚ ਲੀਨ ਹੋ ਚੁੱਕੇ ਸਨ। ਤਾਂ ਅਕਾਲ ਪੁਰਖ ਨੇ ਉਹਨਾਂ ਨੂੰ ਮਾਤਲੋਕ ਵਿੱਚ ਜਾਲਮਾਂ ਦੇ ਜੁਲਮ ਨੂੰ ਖਤਮ ਕਰਨ ਲਈ ਜਾਣ ਲਈ ਕਿਹਾ। ਗੁਰੂ ਕੀ ਕਹਿੰਦੇ ਹਨ ਕਿ ਉਹ ਮਾਤਲੋਕ ਵਿੱਚ ਆਉਣਾ ਨਹੀਂ ਸੀ ਚਾਹੁੰਦੇ ਪਰ ਉਹਨਾਂ ਨੂੰ ਹੁਕਮ ਮੰਨਣਾ ਹੀ ਪਿਆ।

ਅਬ ਮੈ ਅਪਨੀ ਕਥਾ ਬਖਾਨੋ
ਤਪ ਸਾਧਤ ਇਹਿ ਬਿਧਿ ਮੁਹਿ ਆਨੋ।
ਹੇਮਕੁੰਟ ਪਰਬਤ ਹੈ ਜਹਾਂ
ਸਪਤ ਸ੍ਰਿੰਗ ਸੋਭਤ ਹੈ ਤਹਾਂ।
ਸਪਤ ਸ੍ਰਿੰਗ ਤਹ ਨਾਮ ਕਹਾਵਾ
ਪੰਡ ਰਾਜ ਜੋਗ ਕਮਾਵਾ।
ਤਹ ਹਮ ਅਧਿਕ ਤਪੱਸਿਆ ਸਾਧੀ
ਮਹਾਂਕਾਲ ਕਾ ਆਰਾਧੀ।
ਇਹ ਬਿਧ ਕਰਤਿ ਤਪਸਿਆ ਭਯੋ
ਦਵੈ ਤੇ ਏਕ ਰੂਪ ਹੋਇ ਗਯੋ।
ਤਾਤ ਮਾਤ ਮੁਰ ਅਲਖ ਆਰਾਧਾ
ਬਹੁ ਬਿਧਿ ਜੋਗ ਸਾਧਨਾ ਸਾਧਾ।
ਤਿਨ ਜੋ ਕਰੀ ਅਲਖ ਕੀ ਸੇਵਾ
ਤਾ ਤੇ ਭਏ ਪ੍ਰਸੰਨ ਗੁਰਦੇਵਾ।
ਤਿਨ ਪ੍ਰਭ ਜਬ ਆਯਸ ਮੁਹਿ ਦੀਆ
ਤਬ ਹਮ ਜਨਮ ਕਲੂ ਮਹਿ ਲੀਆ।
ਚਿਤ ਨ ਭਯੋ ਹਮਰੋ ਆਵਨ ਕਹਿ
ਚੁਭੀ ਰਹੀ ਸੁਰਤਿ ਪ੍ਰਭੂ ਚਰਨਨਿ ਮਹਿ।
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ
ਇਹ ਕਹਿਕੇ ਇਹ ਲੋਕ ਪਠਾਯੋ।

ਉਪਰੋਕਤ ਦਸਮ ਪਾਤਸ਼ਾਹ ਜੀ ਦੀ ਮੁਕਦਸ ਕਲਮ ਛੋਹ ਤੋਂ ਪਤਾ ਚੱਲਦਾ ਹੈ ਕਿ ਉਹਨਾਂ ਦਾ ਪੂਰਬਲੇ ਜਨਮਾਂ ਵਿੱਚ ਹੇਮਕੁੰਟ ਵਿਖੇ ਨਿਵਾਸ ਸੀ ਜਿੱਥੇ ਉਹਨਾਂ ਨੇ ਕਠਿਨ ਤਪੱਸਿਆ ਸਾਧੀ ਤੇ ਪ੍ਰਭੂ ਵਿੱਚ ਅਭੇਦ ਹੋ ਗਏ ਤੇ ਉਹ ਪਵਿੱਤਰ ਅਸਥਾਨ ਹੇਮਕੁੰਟ ਸਪਤ ਸ੍ਰਿੰਗ ਵਿੱਖੇ ਮੌਜੂਦ ਹੈ। ਗੁਰੂ ਜੀ ਇਸ ਅਸਥਾਨ ਬਾਰੇ ਹੋਰ ਵੇਰਵਾ ਦਿੰਦੇ ਹੋਏ ਫਰਮਾਉਂਦੇ ਹਨ ਕਿ ਉਸ ਜਗ੍ਹਾ ਪੰਡ ਰਾਜ ਨੇ ਵੀ ਰਾਜ ਪਾਟ ਨੂੰ ਤਿਆਗ ਕੇ ਨਿਵਾਸ ਕੀਤਾ ਤੇ ਫਿਰ ਤਪ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਤੇ ਉਹਨਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਵੀ ਕਿਸੇ ਗੁਰ ਸਿੱਖ ਦਾ ਧਿਆਨ ਇਸ ਜਗ੍ਹਾ ਵੱਲ ਨਾ ਗਿਆ ਅਤੇ ਇਹ ਅਸਥਾਨ ਅਣਗੌਲਿਆ ਹੀ ਰਿਹਾ। ਗੁਰ ਬਿਲਾਸ ਪਾਤਸ਼ਾਹੀ ਦਸਵੀਂ ਦੇ ਲੇਖਕ ਕਵੀ ਸੁੱਖਾ ਸਿੰਘ ਨੇ ਇਸ ਜਗ੍ਹਾ ਦਾ ਜ਼ਿਕਰ ਕੀਤਾ ਪਰੰਤੂ ਨਾਮਾਤਰ ਹੀ। ਉਸ ਤੋਂ ਬਾਅਦ ਮਹਾਂ ਕਵੀ ਭਾਈ

ਸੰਤੋਖ ਸਿੰਘ ਦੀ ਵਾਰੀ ਆਉਂਦੀ ਹੈ ਜਿੰਨ੍ਹਾਂ ਨੇ ਜਗਤ ਪ੍ਰਸਿੱਧ ਸੂਰਜ ਪ੍ਰਕਾਸ਼ ਦੀ ਰਚਨਾ ਕੀਤੀ, ਉਸ ਵਿੱਚ ਇਸ ਅਸਥਾਨ ਬਾਰੇ ਜ਼ਿਕਰ ਇਸ ਤਰ੍ਹਾਂ ਹੈ–

ਹੇਮਕੁੰਟ ਪਰਬਤ ਬਿਸਤਾਰਾ
ਝਰਨੇ ਝਰਹਿ ਅਨੇਕ ਪ੍ਰਕਾਰਾ
ਨਿਸ ਬਾਸੁਰ ਜਿਨ ਮਹਿ ਧੁਨਿ ਭਾਰੀ
ਸੁੰਦਰ ਬਿਮਲ ਪ੍ਰਵਾਹਿਤ ਬਾਰੀ।
ਕਹੂੰ ਬੇਗ ਸੋ ਚਲਹਿ ਸਜੋਰ
ਕਹੂੰ ਭਰਮ ਕਾ ਪਰਹਿ ਬਿਲੋਰ
ਫਟਕ ਸਵੱਛ ਜਲ ਸੁੰਦਰ ਨਾਰੇ
ਬਹੈ ਮੀਨ ਗਨ ਅੰਦਰ
ਕਹੂੰ ਫੇਨ ਉੱਜਲ ਬਿਧਿ ਰੂਰੰ।
ਕਹਿ ਸੁਨਿ ਯਤਿ ਧੁੰਨ ਦੂਹਰ ਦੂਰੰ
ਅਨਿਕ ਭਾਤ ਕੇ ਚਿਤ੍ਰੱਤ ਗਿਰਵਰ,
ਪੀਤ ਰਕਤ ਅੰਜਨ ਕੇ ਸਮਸਰ
ਦੂਰਬਾ ਸਮ ਬਡੈਰੁਜ ਜਿਹਵਾ।
ਅਨਿਕ ਭਾਤ ਕੀ ਔਸਧਿ ਤਹਿਵਾ
ਫੂਲਨ ਬਾਰੀ ਚਹੁੰਦਿਸ ਮਾਂਹਿ
ਰੰਗ ਰੰਗ ਕੇ ਬਿਗਸਹਿ ਤਾਂਹਿ
ਮਹਾਂ ਸੁਗੰਧਿਤ ਭੌਰ ਗੁੰਜਾਰਤ
ਸੀਤਲ ਮੰਦ ਬਹਿਤ ਬਠ ਮਾਰੁਤ

ਇਸ ਪ੍ਰਕਾਰ ਕਵੀ ਜੀ ਨੇ ਹੋਰ ਵੀ ਇਸ ਅਸਥਾਨ ਦੀ ਮਹਿਮਾ ਲਿਖੀ ਹੈ, ਪਰੰਤੂ ਇਹ ਸਿਰਫ ਕਵੀ ਜੀ ਦੀ ਕਲਪਨਾ ਹੀ ਹੈ। ਕੋਈ ਇਤਿਹਾਸ ਜੁਗਤੀ ਨਹੀਂ। ਆਪ ਜੀ ਨੇ ਨਾ ਹੀ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਹੀ ਕੀਤੇ ਅਤੇ ਨਾ ਹੀ ਕੋਈ ਪਹੁੰਚ ਮਾਰਗ ਅਤੇ ਨਾ ਹੀ ਉਸ ਅਸਥਾਨ ਬਾਰੇ ਖੋਜ ਕੀਤੀ ਹੈ।

ਨਿਰਮਲੇ ਸੰਤਾਂ ਵਿੱਚੋਂ ਪਹਿਲੇ ਖੁਸ਼ਕਿਸਮਤ ਪੰਡਤ ਤਾਰਾ ਸਿੰਘ ਨਰੋਤਮ ਹੋਏ ਹਨ ਜਿੰਨ੍ਹਾਂ ਨੇ ਆਪ ਵੀ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕੀਤੇ ਅਤੇ ਫਿਰ 'ਗੁਰ ਤੀਰਥ ਸੰਗ੍ਰਹਿ' ਨਾਮ ਦੀ ਪੁਸਤਕ ਵਿੱਚ ਇਸ ਅਸਥਾਨ ਬਾਰੇ ਇੱਕ ਖੋਜ ਭਰਪੂਰ ਨੋਟ ਦੇ ਕੇ ਉਸਦੀ ਇਤਿਹਾਸਿਕ ਪ੍ਰਮਾਣਿਕਤਾ ਬਾਰੇ ਦੱਸ ਪਾਈ। ਪੁਸਤਕ 'ਤੀਰਥ ਸੰਗ੍ਰਹਿ' ਉਹਨਾਂ ਨੇ 1884 ਵਿੱਚ ਪਹਿਲੀ ਵਾਰ ਛਪਵਾਈ ਸੀ। ਆਪ ਜੀ ਲਿਖਦੇ ਹਨ–

" ਭਾਰਤ ਮੇਂ ਹੇਮਕੁੰਟ ਸਤ ਸ੍ਰਿੰਗ ਕੇ ਸਮੀਪ ਲਿਖਾ ਹੈ, ਯਾਤੇ ਹੇਮ ਕੂਟ ਸੁਮੇਰ ਕਾ ਨਾਮ ਨਹੀ। ਗੁਰੂ ਜੀ ਨੇ ਲਿਖਾ ਹੈ ਹੇਮ ਕੂਟ ਪਰਬਤ ਜਹਾਂ ਹੈ ਤਹਾਂ ਤਿਸਤੇ ਸਮੀਪ ਸਤ ਸ੍ਰਿੰਗ ਸ਼ੋਭਾ ਪਾਵਤਾ ਹੇ। ਜਿਸ ਮੇਂ ਰਾਜ ਪਾਂਡੁ ਨੇ ਜੋਗ ਕਮਾਯਾ ਹੈ। ਉਸ ਕੇ ਸਮੀਪ ਹਮ ਨੇ ਤਪ ਕੀਆ ਹੈ। ਸੁਮੇਰ ਮੇਂ ਤਪ ਕਰਨਾ ਨਹੀਂ ਲਿਖਾ। ਇਸ ਕੀ ਸ਼ਪਸ਼ਟ ਕਥਾ ਐਸੇ ਹੈ– ਜਿਸ ਕੇ ਊਪਰ ਬੱਦਰੀ ਨਾਰਾਯਣ ਕਾ ਮੰਦਰ ਹੈ, ਉਸ ਪਰਬਤ ਕਾ ਨਾਮ ਮੰਧ ਮਾਦਨ ਹੈ। ਮੰਦ ਮਾਦਨ ਸੇ ਛੇ ਕੋਛ ਨੀਚੇ ਕੇ ਪਰਬਤ ਕਾ ਨਾਮ ਸ਼ਤ ਸ੍ਰਿੰਗ ਹੈ। ਉਸ ਮੇਂ ਪਾਡੂ ਨੇ ਜੋਗ ਕੀਆ। ਅਬ ਵਹਾਂ ਪੰਡਕੇਸ਼ਵਰ ਗ੍ਰਾਮ ਬਸਤਾ ਹੈ। ਬਦਰੀ ਨਾਰਾਯਣ ਕੀ ਯਾਤਰਾ ਸਭ ਊਹਾਂ ਕੋ ਹੋਕਰ ਜਾਤੀ ਹੈ। ਕਿਨਾਰੇ ਜਾਣੇ ਕੋ ਰਸਤਾ ਨਹੀ। ਸ਼ਤ ਸ੍ਰਿੰਗ ਸੇ ਆਠ ਕੋਸ ਊਪਰ ਗੁਰੂ ਜੀ ਨੇ ਤਪ ਕੀਆ। ਸੋ ਅਭੀ ਸਪਸ਼ਟ ਕਰਤੇ ਹੈਂ। ਪੰਡਕੇਸ਼ਵਰ ਸੇ ਏਕ ਮੀਲ ਨੀਚੇ ਸੜਕ ਸਮੀਪ ਅਲਕ ਨੰਦਾ ਕਾ ਪੁਲ ਹੈ। ਪੁਲ ਕੇ ਸਮੀਪ ਹੀ ਅਲਕ ਨੰਦਾ ਮੇਂ ਭੋਟੀ ਗੰਗਾ ਮਿਲਤੀ ਹੈ। ਪੁਲ ਪੇ ਲੱਖ ਭੱਟੀ ਕੇ ਸੱਜੇ ਹਾਥ ਜਾਤੇ ਹੀ ਤੀਨ ਕੋਸ ਪੇ ਏਕ ਗਾਉਂ ਹੈ ਵਹਾਂ ਔਰ ਪੁਲ ਹੈ, ਉਸ ਪੇ ਲੱਖ ਭੋਟੀ ਗੰਗਾ ਕੇ ਖੱਬੇ ਹਾਥ ਜਾਤੇ ਤੀਨ ਕੌਸ ਪੈ ਭੋਟੀ ਗੰਗਾ ਸਾਥ ਲੋਹ ਪਾਲ ਕੇ ਜਲ ਕਾ ਸੰਗਮ ਹੈ। ਈਹਾਂ ਸੇ ਚੜ੍ਹਾਈ ਲਗਤੀ ਹੈ। ਸੋ ਦੋ ਕੌਸ ਰਸਤਾ ਕਠਿਨ ਹੈ। ਪੰਡਕੇਸ਼ਵਰ ਕਾ ਪੁਜਾਰੀ ਲੋਹ ਪਾਲ ਮੇਂ ਲੇ ਜਾਤਾ ਹੈ। ਲੋਹ ਪਾਲ ਮੇਂ ਜਲ ਕਾ ਤਲਾਵ ਹੈ ਸੋ ਸਵਾ ਸੈ ਕਦਮ ਚੌੜਾ ਹੈ। ਆਗੇ ਕੋਸ ਪੱਕੇ ਕਾ ਲੰਬਾ ਹੈ।

(ਗੁਰ ਤੀਰਥ ਸੰਗ੍ਰਹਿ)

ਪੰਡਤ ਤਾਰਾ ਸਿੰਘ ਨਰੋਤਮ ਜੀ ਨੇ ਆਪ ਇਸ ਸਥਾਨ ਦੀ ਜਿਆਰਤ ਬੀਤੀ ਅਤੇ ਇੱਥੋਂ ਦਾ ਪੂਰਾ ਪਤਾ ਠੀਕ ਠੀਕ ਲਿਖਿਆ। ਉਪਰੋਕਤ ਖੋਜ ਅਨੁਸਾਰ ਹੇਮਕੁੰਟ ਪਵਿੱਤਰ ਧਾਮ ਪਰਬਤ ਗੰਧ ਮਾਦਨ ਤੇ ਸਥਿਤ ਬਦਰੀ ਨਾਥ ਹਿੰਦੂ ਧਾਮ ਤੋਂ ਤਿੰਨ ਕੋਸ ਥੱਲੇ ਸਥਿਤ ਹੈ ਜਿੱਥੇ ਕਿ ਪਾਡਵਾਂ ਦੇ ਪਿਤਾ ਪੰਡ ਰਾਜ ਨੇ ਘੋਰ ਤੱਪ ਕੀਤਾ ਸੀ। ਹੇਮਕੁੰਟ ਦੀ ਉਹ ਜਗ੍ਹਾ ਜਿੱਥੇ ਤਲਾਅ ਹੈ, ਲੋਹ ਪਾਲ ਕਹਾਉਂਦੀ ਹੈ ਅਤੇ ਉੱਥੋਂ ਹੀ ਹੇਮ ਨਦੀ ਨਿਕਲਕੇ ਭੋਟੀ ਗੰਗਾ ਵਿੱਚ ਸਮਾ ਜਾਂਦੀ ਹੈ। ਪੰਡਤ ਤਾਰਾ ਸਿੰਘ ਨਰੋਤਮ ਜੀ ਦੇ ਸਮੇਂ ਹੇਮਕੁੰਟ ਵਾਲੀ ਪਵਿੱਤਰ ਜਗ੍ਹਾ ਤੇ ਕੋਈ ਧਰਮ ਸਥਾਨ ਨਹੀਂ ਸੀ ਉਸਾਰਿਆ ਗਿਆ। ਉਹਨਾਂ ਦੇ ਅਨੁਸਾਰ ਜੇ ਕੋਈ ਅਭਿਲਾਸ਼ੀ ਲੋਹ ਪਾਲ ਦੇ ਦਰਸ਼ਨ ਕਰਨਾ ਚਾਹੇ ਤਾਂ ਪੰਡਕੇਸ਼ਵਰ ਦਾ ਪੁਜਾਰੀ ਹੀ ਉੱਪਰ ਲੈ ਕੇ ਜਾਂਦਾ ਸੀ। ਇਸ ਤੋਂ ਇਹ ਸਾਫ ਜ਼ਾਹਰ ਹੈ ਕਿ ਪੰਡਤ ਜੀ ਨੂੰ ਉੱਪਰ ਲਿਜਾਣ ਲਈ ਉਹਨਾਂ ਨਾਲ ਪੁਜਾਰੀ ਗਿਆ ਹੋਣਾ।

ਪੰਡਤ ਤਾਰਾ ਸਿੰਘ ਨਰੋਤਮ ਤੋਂ ਬਾਅਦ ਪੰਥ ਰਤਨ ਗਿਆਨੀ ਗਿਆਨ ਸਿੰਘ ਸਿੱਖ ਜਗਤ ਵਿੱਚ ਇੱਕ ਲੇਖਕ ਦੇ

ਨਾਤੇ ਉਭਰੇ ਪਰੰਤੂ ਉਹਨਾਂ ਨੇ ਵੀ ਆਪਣੀ ਖੋਜ ਜਾਂ ਜਾਤੀ ਤੌਰ ਤੇ ਕੁਝ ਨਹੀਂ ਲਿਖਿਆ। ਉਹਨਾਂ ਤੋਂ ਬਅਦ ਭਾਈ ਵੀਰ ਸਿੰਘ ਜੀ ਨੇ ਇੱਕ ਲੰਬੀ ਬਹਿਸ ਇਸ ਅਸਥਾਨ ਬਾਰੇ ਕੀਤੀ ਹੈ।

ਆਪ ਜੀ ਲਿਖਦੇ ਹਨ ਕਿ ਹੇਮਕੁੰਟ ਜਿਲ੍ਹਾ ਪਟਨਾ ਵਿੱਚ ਵੀ ਦਸੀਦਾ ਹੈ ਜਿਸ ਨੂੰ ਰਤਨਾ ਗਿਰੀ ਕਹਿੰਦੇ ਹਨ। ਪਾਲੀ ਪੁਸਤਕਾਂ ਵਿੱਚ ਇਸ ਪੰਡਾਉ ਪਰਬਤ ਨੂੰ ਰਤਨਾਗਿਰੀ ਆਖਿਆ ਜਾਂਦਾ ਹੈ। ਇਸੇ ਤਰ੍ਹਾ ਆਪ ਜੀ ਨੇ ਹੋਰ ਅਗੇਰੇ ਦੱਸਦੇ ਹੋਏ ਲਿਖਿਆ ਹੈ ਕਿ ਦੱਖਣ ਵਿੱਚ ਗੋਦਾਵਰੀ ਨਦੀ ਕਿਨਾਰੇ ਵਸੇ ਹੋਏ ਨਾਸਕ ਸ਼ਹਿਰ ਤੋਂ 22 ਕੇ ਮੀਲ ਦੂਰ ਸੱਤ ਚੋਟੀਆਂ ਦਾ ਪਹਾੜ ਹੈ ਅਤੇ ਉੱਥੇ ਵੀ ਪਾਡਵਾਂ ਦੇ ਜਾਣ ਦਾ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਕਈ ਅੰਦਾਜੇ ਲਗਾਉਂਦੇ ਹਨ ਕਿ ਪੰਡਤ ਤਾਰਾ ਸਿੰਘ ਨਰੋਤਮ ਦੀ ਖੋਜ ਨੂੰ ਸਹੀ ਮੰਨ ਕੇ ਭਾਈ ਵੀਰ ਸਿੰਘ ਜੀ ਲਖਦੇ ਹਨ-

"ਪਰੰਤੂ ਹੁਣ ਤੱਕ ਦੀ ਖੋਜ ਬਦਰੀ ਨਾਥ ਤੋਂ ਉੱਤੇ ਪੰਡਕੇਸ਼ਵਰ ਤੇ ਚੌਦਾਂ ਕੁ ਮੀਲ ਉੱਪਰ ਵਾਲੇ ਟਿਕਾਣੇ ਨੂੰ ਹੀ ਉਹ ਹੇਮਕੁੰਟ ਸਪਤ ਸ੍ਰਿੰਗ ਸਹੀ ਕਰਦੀ ਹੈ ਕਿ ਜਿੱਥੇ ਗੁਰੂ ਜੀ ਨੇ ਤਪ ਕੀਤਾ ਸੀ। ਕਿਉਂਕਿ ਪੰਡ ਰਾਜ ਦੇ ਯੋਗ ਕਰਨ ਦਾ ਪਤਾ ਗੁਰੂ ਜੀ ਨੇ ਹੇਮਕੁੰਟ ਦਾ ਆਪ ਦਿੱਤਾ ਹੈ। ਯਤਾ—

ਪੰਡ ਰਾਜ ਜਹਿ ਯੋਗ ਕਮਾਵਾ' ਪੰਡਰਾਜ ਨੇ ਜੋਗ ਪੰਡਕੇਸ਼ਵਰ ਕਮਾਇਆ ਹੈ ਇਸ ਤੋਂ ਕੁਛ ਮੀਲ ਉੱਪਰ ਉਸ ਦੇ ਤਪ ਦਾ ਨਿਸ਼ਾਨ ਪਾਡੁ ਮਿਲਾ ਹੈ। ਮਹਾਂ ਭਾਰਤ ਆਦਿ ਪਰਬ ਅਧਯਾਯ 119 ਸਲੋਕ 47- 50 ਵਿੱਚ ਜਿੱਥੇ ਗੰਧ ਮਾਦਨ ਪਰਬਤ ਤੇ ਹੇਮਕੁੰਟ ਸਪਤ ਸ੍ਰਿੰਗ ਦਾ ਪਤਾ ਦਿੱਤਾ ਹੈ। ਸੋ ਟਿਕਾਣਾ ਇਹੋ ਹੈ ਤੇ 'ਪਾਂਡਵ ਸ਼ਿਲਾ ਤੇ ਪੰਡਕੇਸ਼ਵਰ ਪੰਡੁ ਦੇ ਨਾਮ ਦੇ ਟਿਕਾਣੇ ਵੀ ਇੱਥੇ ਹੀ ਹੁਣ ਤੱਕ ਹਨ।

(ਕਲਗੀਧਰ ਚਮਤਕਾਰ, ਪੰਨਾ-14}

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਵੀ ਪੰਡਤ ਤਾਰਾ ਸਿੰਘ ਦੀ ਕੀਤੀ ਹੋਈ ਖੋਜ ਦੀ ਹਾਮੀ ਭਰੀ ਹੈ। ਇਸ ਪਵਿੱਤਰ ਅਸਥਾਨ ਤੇ ਗੁਰਦੁਆਰਾ ਕਿਵੇਂ ਸੁਭਾਇਮਾਨ ਹੋਇਆ। ਇਸ ਦਾ ਇਤਿਹਾਸ ਵੀ ਬਹੁਤ ਰੋਚਕਤਾ ਭਰਪੂਰ ਹੈ। ਹਰਦੁਆਰ ਵਾਲੇ ਬਾਬਾ ਕਰਤਾਰ ਸਿੰਘ ਬੇਦੀ ਜੀ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਸਨ। ਆਪ ਜੀ ਦੀ ਪਤਨੀ ਗੁਰੂ ਘਰ ਦੀ ਸ਼ਰਧਾਲੂ ਸੀ ਅਤੇ ਰੋਜ਼ਾਨਾ ਘਰ ਵਿੱਚ 'ਬਚਿੱਤਰ ਨਾਟਕ' ਦਾ ਪਾਠ ਕਰਦੀ ਸੀ।ਅਤੇ ਜਦੋਂ ਹੇਮਕੁੰਟ ਸਾਹਿਬ ਦਾ ਪ੍ਰਸੰਗ ਆਉਂਦਾ ਤਾਂ ਆਪ ਜੀ ਉਸ ਅਸਥਾਨ ਦੀ ਜਿਆਰਤ ਹਾਂਸਲ ਕਰਨ ਲਈ ਬਿਹਬਲ ਹੋ ਉੱਠਦੇ। ਸੋ ਬਾਬਾ ਕਰਤਾਰ ਸਿੰਘ ਜੀ ਨੇ ਟੀਹਰੀ ਗੜਵਾਲ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਗ੍ਰੰਥੀ ਨੂੰ ਤਿਆਰ ਕਰਨ। ਸੰਤ ਸੋਹਨ ਸਿੰਘ ਜੀ ਵੀ ਉੱਦਮੀ ਸਿੱਖ ਸਨ ਅਤੇ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਦੇ ਅਭਿਲਾਸ਼ੀ ਸਨ। ਇਸ ਲਈ ਬਾਬਾ ਕਰਤਾਰ ਸਿੰਘ ਬੇਦੀ ਤੇ ਸੰਤ ਸੋਹਨ ਸਿੰਘ ਜੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਗਏ। ਉੱਥੋਂ ਦਾ ਕੁਦਰਤੀ ਸੁਹਪਣ ਤੇ ਖੇੜਾ ਦੇਖ ਕੇ ਅਤਿਅੰਤ ਪ੍ਰਸੰਨ ਹੋਏ। ਸੰਤ ਸੋਹਨ ਸਿੰਘ ਜੀ ਨੇ ਬਰਸਾਤ ਦੇ ਮੌਸਮ ਵਿੱਚ ਹਰ ਸਾਲ ਉੱਥੇ ਜਾਣਾ ਸ਼ੁਰੂ ਕਰ ਦਿੱਤਾ। ਸੰਤਾਂ ਦੇ ਦਿਲਾਂ ਵਿੱਚ ਚਿਰੋਕਣੀ ਅਭਿਲਾਸ਼ਾ ਸੀ। ਉਸ ਜਗ੍ਹਾ ਗੁਰਦੁਆਰਾ ਕਾਇਮ ਹੋਣਾ ਚਾਹੀਦਾ ਹੈ। ਪਰੰਤੂ ਮਾਇਆ ਕਿੱਥੋਂ ਆਵੇ? ਇਹ ਪ੍ਰਸ਼ਨ ਹਰ ਵਾਰ ਉਹਨਾਂ ਦੇ ਅੱਗੇ ਆ ਖਲਾਉਂਦਾ। 1935 ਦੇ ਅਖੀਰ ਵਿੱਚ ਸੰਤ ਜੀ ਅੰਮ੍ਰਿਤਸਰ ਵਿਖੇ ਭਾਈ ਵੀਰ ਸਿੰਘ ਜੀ ਕੋਲ ਆਏ ਅਤੇ ਆਪਣੀ ਔਕੜ ਦੱਸੀ। ਠੀਕ ਉਹਨਾਂ ਦਿਨਾਂ ਵਿੱਚ ਭਾਈ ਵੀਰ ਸਿੰਘ ਜੀ 'ਕਲਗੀਧਰ ਚਮਤਕਾਰ' ਨਾਮ ਦੀ ਰਚਨਾ ਸੰਪੂਰਨ ਕਰ ਰਹੇ ਸਨ। ਭਾਈ ਵੀਰ ਸਿੰਘ ਜੀ ਨੇ ਸੰਤਾਂ ਨੂੰ ਬੇਅੰਤ ਮਾਇਆ ਸੰਗਤ ਤੋਂ ਪ੍ਰਾਪਤ ਕਰ ਲੈਣ ਦਾ ਯਕੀਨ ਦੁਆਇਆ।

ਅਗਲੇ ਸਾਲ 1936 ਈ. ਦੇ ਅਗਸਤ ਮਹੀਨੇ ਸੰਤਾਂ ਨੂੰ ਭਾਈ ਵੀਰ ਸਿੰਘ ਜੀ ਦੀ ਪ੍ਰੇਰਨਾ ਨਾਲ ਸੰਗਤਾਂ ਵਲੋਂ 2000 ਰੁਪਇਆ ਮਿਲਿਆ। ਸੰਤ ਜੀ ਨੇ ਆਪਣੇ ਨਾਲ ਇੱਕ ਤੰਬੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਕੁਝ ਬਰਤਨ, ਸੁੰਦਰ ਵਿਛਾਈਆਂ ਅਤੇ ਹੋਰ ਲੋੜੀਂਦਾ ਸਾਮਾਨ ਲੈ ਕੇ ਹੇਮਕੁੰਟ ਵਾਲੇ ਸਥਾਨ ਤੇ ਗਏ ਤੇ ਉੱਥੇ ਅਕਤੂਬਰ 1936 ਤੱਕ ਰਹੇ। ਆਪ ਜੀ ਨੇ ਉੱਥੇ ਅਨੇਕਾਂ ਕਸ਼ਟ ਸਹਾਰੇ ਅਤੇ 10 ਫੁੱਟ.10 ਫੁੱਟ ਦਾ ਗੁਰਦੁਆਰਾ ਉਸਾਰਿਆ ਤੇ ਅੱਗੇ 3 ਫੁੱਟ ਦਾ ਬਰਾਡਾਂ ਉਸਾਰਿਆ। ਮੁਕੰਮਲ ਹੋਣ ਤੇ ਕੜਾਹ ਪ੍ਰਸ਼ਾਦਿ ਕੀਤਾ ਤੇ ਖੁਸ਼ੀਆਂ ਮਨਾਈਆਂ।

1937 ਦੇ ਅਗਸਤ - ਸਤੰਬਰ ਦੇ ਮਹੀਨੇ ਆਪ ਜੀ ਨਾਲ ਗਿਆਨੀ ਗੁਰਦਿਆਲ ਸਿੰਘ, ਸਰਦਾਰ ਬਿਦਰਮਾ ਸਿੰਘ ਜੀ, ਸਰਦਾਰ ਗੁਰਬਖਸ਼ ਸਿੰਘ, ਪੰਡਤ ਸੂਰਜ ਭਾਨ ਸ਼ਰਮਾ ਆਦਿਕ ਵੀ ਗਏ ਅਤੇ ਗੁਰੂ ਧਾਮ ਦੇ ਦਰਸ਼ਨ ਕੀਤੇ। ਸੰਤ ਮੋਹਨ ਸਿੰਘ ਜੀ ਇਸ ਸੇਵਾ ਵਿੱਚ ਇਕੱਲਾ ਪਨ ਮਹਿਸੂਸ ਕਰਦੇ ਸਨ। ਸੋ ਉਹਨਾਂ ਦਿਨਾਂ ਵਿੱਚ ਸੰਤ ਜੀ ਨਾਲ ਹੱਥ ਵਟਾਉਣ ਲਈ ਗੁਰ ਕਿਰਪਾ ਨਾਲ ਬਾਬਾ ਮੋਦਨ ਸਿੰਘ ਜੀ ਵੀ ਆ ਗਏ। ਹਵਾਲਦਾਰ ਬਾਬਾ ਮੋਦਨ ਸਿੰਘ ਜੀ ਸਰਵੇ ਦੇ ਮਹਿਕਮੇ ਵਿੱਚ ਮੁਲਾਜ਼ਮ ਸਨ।

**ਬਾਕੀ ਸਫਾ ਨੰ 32 'ਤੇ**

# ਸਿਖ ਧਰਮ ਅਤੇ ਜੀਵ ਹਿੰਸਾ



**ਇੰਦਰ ਸਿੰਘ ਚਕ੍ਰਵਰਤੀ**

ਇਸ ਲਈ ਹੇ ਰਾਗ ਮਦ, ਸਿਕਦਾਰੀ ਵਿਚ ਮਤੇ ਹੋਏ ਬੰਦੇ ਕਿਸੇ ਵੀ ਜੀਵ ਨੂੰ ਦੁਖ ਨਾ ਦੇਹ ਕਿਉਂਕਿ ਓਹ ਤੇਰੀ ਰਯਤ ਹੈ ਤੂੰ ਉਨ੍ਹਾਂ ਦਾ ਪਾਤਸ਼ਾਹ ਹੈ, ਜੇਹੜਾ ਪਾਤਸ਼ਾਹ ਆਪਣੀ ਪਰਜਾ ਨੂੰ ਤੰਗ ਕਰਦਾ ਏ ਓਹ ਜ਼ਾਲਮ ਆਪਣੀ ਜੜ੍ਹ ਆਪ ਹੀ ਕਟ ਰਿਹਾ ਏ 'ਰਯਤ ਚੋਂ ਬੇਖ-ਅਸਤੋ ਸੁਲਤਾਂ ਦਰਖਤ। ਦਰਖਤ ਐ ਪਿਸ਼ਰ ਬਾਸ਼ਦ ਅਜ਼ ਬੇਖ ਸਖ਼ਤ।" ਇਸ ਲਈ ਦੇਖ ਕਰ ਚਲਣਾ ਕੁਚਲ ਜਾਇ ਨ ਚੀਉਂਟੀ ਰਾਹ ਮੇਂ। ਆਦਮੀ ਕੋ ਜ਼ਬਾਨੋ ਸੇ ਬੀ ਉਲਫ਼ਤ ਚਾਹੀਏ। ਗਮੇ ਜ਼ੋਰ ਦਸਤਾਂ ਬੇ ਖੁਰ ਜੀਨ ਹਾਰ। ਬਤਰਸਾਜ਼ ਜ਼ਬਰ ਦਸਤੀ ਏ ਰੁਜਗਾਰ। ਭਾਵ ਮਜ਼ਲੂਮਾਂ ਉਤੇ ਰਹਿਮ ਕਰ ਅਤੇ ਸਮੇਂ ਦੀ ਜ਼ਬਰਦਸਤੀ ਤੋਂ ਡਰ॥ ਦੂਖ ਨਾ ਦੇਈ ਕਿਸੇ ਜੀਉ" ਗੁਰੂ ਸਾਹਬ ਵੀ ਫੁਰਮਾਂਦੇ ਹਨ। ਇਸ ਲਈ ਪਤਾ ਨਹੀਂ ਭਾਈ ਕਾਹਨ ਸਿੰਘ ਜੀ ਨੇ ਕਿਸ ਖਯਾਲ ਨਾਲ ਲਿਖ ਦਿੱਤਾ ਏ ਕਿ ਭਾਈ ਸਾਹਬ ਮਾਸ ਖਾਣ ਦੇ ਵਿਰੋਧੀ ਨਹੀਂ। ਸੇ ਜਦ ਕੇ ਭਾਈ ਹੋਰੀਂ ਇਸੇ ਪੌੜੀ ਵਿਚ ਸਾਫ ਤੌਰ ਤੇ ਲਿਖਦੇ ਹਨ 'ਬਿਨਉਂ ਕਰੇਂਦੀ ਬੱਕ੍ਰੀ ਪੁਤ੍ਰ ਅਸਾਡੇ ਕੀਚਨ ਖਸੀ। ਅੱਕ ਧਤੂਰਾ ਖਾਧਿਆਂ ਕੁਹ ਕੁਹ ਖਲ ਅਖੱਲ ਵਿਣਸੀ। ਜੋ ਮਾਸ ਖਾਣ ਗਲ ਵੱਢ ਕੇ ਹਾਲ ਤਿਨਾੜਾ ਕਵਨ ਹਵੱਸੀ।

ਕੀ ਅਜੇ ਵੀ ਕੋਈ ਕਸਰ ਏ? ਜੇ ਹੈ ਤਾਂ ਸੁਣੋਂ ਇਸ ਪੌੜੀ ਦੇ ਭਾਵ ਅਰਥ ਨੂੰ ਲੈ ਕੇ ਭਾਈ ਜੀ ਦੂਜੀ ਥਾਂ ਲਿਖਦੇ ਹਨ- "ਕੁਹ ਕਸਾਈ ਬੱਕਰੀ ਲਾਇ ਲੂਣ ਸੀਖੀ ਮਾਸ ਪਰੋਇਆ। ਹਸ-ਹਸ ਬੋਲੇ ਕੋਹੀ ਦੀ ਖਾਧੇ ਅੱਕ ਹਾਲ ਏਹ ਹੋਇਆ। ਜੋ ਮਾਸ ਖਾਣ ਗਲ ਵੱਢ ਕੇ ਹਾਲ ਤਿਨਾੜਾ ਕਵਨ ਅਲੋਯਾ। ਕਿਉਂ ਜੀ ਹੋਰ ਵਿਰੋਧੀ ਕਿਸ ਨੂੰ ਆਖੀ ਦਾ ਏ। ਆਪ ਨ ਵਿਚਾਰ ਕਰੋਂ ਤਾਂ ਆਪ ਦੀ ਰਜ਼ਾ ਭਾਈ ਜੀ ਤੇ ਸਾਫ ਕਹਿ ਰਹੇ ਹਨ ਜੋ ਬਕਰੀਆਂ ਅੱਕ ਧਤੂਰਾ ਖਾ ਨਿਰਬਾਹ ਕਰਦੀਆਂ ਹਨ ਓਨ੍ਹਾਂ ਨੂੰ ਲੋਕੀਂ ਕੋਂਹਦੇ ਹਨ ਖਲ ਲਾਂਹਦੇ ਹਨ। ਪਰ ਭਾਈ ਜੀ ਕਹਿੰਦੇ ਹਨ ਕਿ ਜੇਹੜੇ ਲੋਕੀਂ ਏਹਨਾਂ ਦਾ ਮਾਸ ਗਲ ਵੱਢਕੇ (ਝਟਕਾ-ਹਲਾਲ) ਆਦ ਨਾਮ ਦੇ ਕੇ ਖਾਂਦੇ ਹਨ ਪਤਾ ਨਹੀਂ ਓਨਾਂ ਦਾ ਕੀ ਹਾਲ ਹੋਵੇਗਾ? ਭਾਵ ਓਹ ਕਿਸ ਮੌਤੇ ਮਰਨਗੇ। ਕਿਉਂ ਸਰਦਾਰ ਜੀ! ਹੁਣ ਤੇ ਨਹੀਂ ਕੋਈ ਕਸਰ ਭਾਈ ਜੀ ਦੇ ਮਾਸ ਖਾਣ ਦੇ ਵਿਰੋਧ ਵਿਚ ਹੋਣ ਦੀ, ਜੇ ਅਜੇ ਵੀ ਨਾ ਮੰਨੋ ਤਾਂ ਆਪ ਦੀ ਰਜ਼ਾ!

ਪਰ ਆਪ ਜੇਹੇ ਵਿਦਵਾਨਾਂ ਤੋਂ ਏਹ ਆਸ ਨਹੀਂ ਸੀ ਪੈਂਦੀ ਕਿ ਕਿਸੇ ਪੱਖਪਾਤ ਤੋਂ ਕੰਮ ਲਓਗੇ? ਆਪ ਜੀ ਦੇ ਵਿਚਾਰ ਅਨੁਸਾਰ ਜੇ ਸਿੱਖਾਂ ਨੂੰ ਝਟਕਾ ਖਾਣ ਦੀ ਆਗਿਆ ਏਂ, ਜੇਹਾ ਕਿ ਆਪ ਜੀ ਦੇ ਰਚਿਤ ਗੁਰਮਤ ਸੁਧਾਕਰ ਦੇ ਪੰਨਾਂ ੪੫੪ ਤੋਂ ਵਿਦਯਤ ਹੈ, ਤਾਂ ਦੁਨੀਆਂ ਦਾ ਕੋਈ ਵੀ ਅਜਿਹਾ ਕਾਰਯ ਨਹੀਂ ਜਿਸ ਦੀ ਗੁਰਮੱਤ ਵਿਚ ਮਨਾਹੀ ਹੋਵੇ। ਫੇਰ ਓਹ ਦਿਨ ਦੂਰ ਨਹੀਂ ਜਦ ਸਿੱਖ ਪੰਥ ਵੀ ਵਾਮ ਮਾਰਗ ਵਾਂਗੂੰ ਘ੍ਰਿਣਤ ਮਜ਼੍ਹਬਾਂ ਦੀ ਸ਼੍ਰੇਣੀ ਵਿਚ ਹੀ ਗਿਣਿਆਂ ਜਾਣ ਲਗ ਪਵੇਗਾ। ਕਿਉਂਕਿ ਮਾਸ ਖਾਣ ਦੀ ਬਿਵਸਥਾ ਗੁਰਮਤ ਸੁਧਾਕਰ ਦੇ ਪੰਨਾ ੪੫੪ ਵਿੱਚ ਆਪ ਦੇ ਹੀ ਚੁੱਕੇ ਹੋ (ਪਾਠਕਾਂ ਦੀ ਗਯਾਤ ਹਿਤ ਏਥੇ ਅਸੀਂ ਸ੍ਰੀ ੧੦੫ ਪੂਜਯ ਸਰਦਾਰ ਕਾਹਨ ਸਿੰਘ ਜੀ ਦਾ ਓਹ ਨੋਟ ਦਰਜ ਕਰਦੇ ਹਾਂ ਜੋ ਆਪਨੇ ਝਟਕੇ ਦਾ ਲਖਨ ਕਰਦਿਆਂ ਹੋਯਾਂ ਅੰਕ ੮੪੭ ਵਿਚ ਲਿਖਿਆ ਏ "ਸਤਿ ਸ੍ਰੀ ਅਕਾਲ" ਕਹਿਕੇ ਇਕ ਪ੍ਰਹਾਰ ਨਾਲ ਸਿਰ ਕਟਣ ਦਾ ਨਾਮ "ਝਟਕਾ" ਹੈ । ਦਸਮੇਸ਼ ਨੇ ਸਿੱਖਾਂ ਲਈ ਝਟਕੇ ਦਾ ਮਾਸ ਇਕ ਕਾਰਨ ਵਿਧਾਨ ਕੀਤਾ ਇਕ ਤਾਂ ਸ਼ਸਤ੍ਰ ਪ੍ਰਹਾਰ ਦਾ ਅਭਿਆਸ ਹੁੰਦਾ ਹੈ, ਦੂਜੇ ਜੋ ਜੀਵ ਮਾਰਨ ਵਿਖੇ ਬੇਰਹਮੀ ਹੁੰਦੀ ਹੈ ਅਰਥਾਤ ਦਬਾਕੋ ਅਧਾ ਜ਼ਿਬਾ ਕੀਤਾ ਹੋਯਾ, ਜੀਵ ਤੜਫ ਤੜਫ ਕੇ ਚਿਰ ਵਿਚ ਪ੍ਰਾਣ ਦਿੰਦਾ ਹੈ, ਤੀਜਾ ਭਯ ਅਤੇ ਦੁਖ ਦਾ ਅਸਰ ਜੋ ਜੀ ਪਰ ਹੁੰਦਾ ਹੈ ਉਸਦਾ ਅਸਰ ਮਾਸ ਦ੍ਵਾਰਾ ਖਾਣ ਵਾਲੇ ਤੀਕ ਪਹੁੰਚਦਾ

ਹੈ।

ਪਾਠਕ ! ਆਪਨੇ ਵਿਚਾਰ ਦ੍ਰਿਸ਼ਟੀ ਨਾਲ ਤੱਕ ਕੇ ਤਰਕ ਤਰਾਜੂ ਉਤੇ ਤੋਲਨਾ ਕਿ ਪੂਜਯ ਦਾਰ ਜੀ ਦੇ ਮੂੰਹੋਂ ਫੇਰ ਵੀ ਸਚਾਈ ਨਿਕਲਨ ਤੋਂ ਨ ਰਹੀ। ਸੱਚ ਸੌ ਪੜਦਾ ਪਾੜ ਕੇ ਨਿਕਲਦਾ ਹੈ ਏਹ ਸਿਆਣਿਆਂ ਦਾ ਮੱਤ ਹੈ।

ਸਰਦਾਰ ਜੀ ਦੇ ਵਿਚਾਰ ਵਿਚ ਸਤਿ ਸ੍ਰੀ ਅਕਾਲ ਕਹਿ ਕੇ ਇਕ ਝਟਕੇ ਨਾਲ ਮਾਰਨ ਕਰਕੇ ਦੋਸ਼ (ਪਾਪ) ਤੋਂ ਬਚ ਰਹੀ ਦਾ ਏ। ਅਤੇ ਨਾਲੇ ਬੇਰਹਿਮੀ ਨਹੀਂ ਹੁੰਦੀ। ਅਸੀਂ ਪੂਜਯ ਦਾਰ ਜੀ ਦੀ ਸੇਵਾ ਵਿਖੇ ਅਰਜ਼ ਕਰਦੇ ਹੋਏ ਏਹ ਪੁੱਛਣ ਦੀ ਢਿਠਾਈ ਕਰਦੇ ਹਾਂ ਕਿ ਆਪ ਜੀ ਨੇ ਰਹਿਮ ਦਾ ਲਖਸ਼ਣ ਕੇਹੜੀ ਭਾਸ਼ਾ ਦੇ ਕੋਸ਼ ਵਿਚੋਂ ਲੱਭਿਆ ਏ। ਜੇ ਆਪ ਜੀ ਦੇ ਮਤ ਅਨੁਸਾਰ ਇਸੇ ਦਾ ਨਾਉਂ ਹੀ ਰਹਿਮ ਹੈ ਤਾਂ ਆਪ ਜੀ ਦੀ ਬੇਰਹਿਮੀ ਕਿਹੋ ਜੇਹੀ ਹੋਵੇਗੀ ? ਕੀ ਗੁਰੂ ਜੀ ਦਾ ਏਹ ਵਾਕ ਅਜਿਹੇ ਦਇਆਲੂਆਂ ਉੱਤੇ ਨਹੀਂ ਘੱਟ ਰਹਿਆ "ਜੀਅ ਬਧਹੁ ਸੁ ਧਰਮ ਕਰ ਥਾਪਉ ਅਧਰਮ ਕਹਹੁ ਕਤ ਭਾਈ। ਆਪਸ ਕਉ ਮੁਨਿਵਰ ਕਰ ਥਾਪਉ ਕਾ ਕਉ ਕਹਹੁ ਕਸਾਈ।" ਪਯਾਰੇ ਕ੍ਰਿਪਾਲੂ ਜੀ ! ਏਹ ਸਿਫਤਾਂ ਆਪ ਵਿਚ ਹੀ ਹਨ ਕਿ ਜੀਅ ਘਾਤ ਕਰਦੇ ਹੋਏ ਵੀ ਰਹੀਮ ਬਣੇ ਰਹਿਣਾ। ਆਪ ਜੀ ਦੇ ਖਯਾਲ ਵਿਚ ਬੇਰਹਿਮੀ ਅਤੇ ਦੋਸ਼ ਤੜਫ ਤੜਫ ਕੇ ਪ੍ਰਾਣ ਦੇਣ ਵਿਚ ਹੀ ਹੈ? ਇਕ ਵਾਰ ਤਾਂ ਜਿਸ ਨੂੰ ਜੀ ਚਾਹੇ ਮਾਰ ਦਿੱਤਾ ਜਾਏ? ਕੋਈ ਜ਼ੁਰਮ ਨਹੀਂ ਨਾ?

ਪੂਜਯ ਸ੍ਰਦਾਰ ਜੀ ! ਆਪ ਇਸ ਤੋਂ ਕਿਸੇ ਤਰ੍ਹਾਂ ਵੀ ਨਹੀਂ ਬਚ ਸਕਦੇ। ਸਾਹਬ ਤੇ ਫੁਰਮਾਂਦੇ ਹਨ, 'ਜਿਦੋ ਜਿਦੀ ਆਪ ਵਿਚ ਹਿੰਦੂ ਤੁਰਕ ਲੜਾਇ। ਓਨਾਂ ਮਾਰਿਆ ਸੂਰ ਨੋ ਓਨਾਂ ਮਾਰੀ ਗਾਇ। ਦੋਹਾਂ ਕੀਤੀ ਹਤਿਆ ਮੁਏ ਨ ਜੀਵੇ ਫੇਰ। ਦਰਗਹ ਸਚੇ ਰਬ ਦੀ ਦੁਇ ਲਹਨ ਸਜਾਈ ਢੇਰ।

(ਸਾਖੀ ਮਦੀਨਾ)

ਬਾਕੀ ਰਿਹਾ ਸ਼ਸਤ੍ਰ ਪ੍ਰਹਾਰ ਦਾ ਅਭਿਆਸ ਏਹ ਕੋਈ ਜ਼ਰੂਰੀ ਨਹੀਂ ਕਿ ਜੀਅ ਮਾਰਨ ਵਾਲੇ ਹੀ ਤਕੜੇ ਹੁੰਦੇ ਹਨ ਸਗੋਂ ਮੁਕਾਬਲਾ ਪਿਆਂ ਬਹੁਤ ਹੱਦ ਤੀਕ ਓਹੋ ਲੋਕੀਂ ਜਿੱਤਦੇ ਨਜ਼ਰ ਆਏ ਹਨ ਜੇਹੜੇ ਅਸਲੋਂ ਹੀ ਜੀਅ ਮਾਰਨਾਂ ਗੁਨਾਹ ਸਮਝਦੇ ਹਨ। ਓਨਾਂ ਜੀ ਸੰਬਧੀ ਮੈਂ ਪੂਜਯ ਪੰਡਿਤ ਬੁਢਾ ਜੀ ਦੇ ਨਗਰ ਤੁੰਗ ਉਪਦੇਸ਼ਕ ਸਿੰਘ ਸਭਾ ਦੀ "ਸਿੱਖ ਧਰਮ ਅੰਦਰ ਮਾਸ ਖਾਣ ਪਰ ਵਿਚਾਰ' ਨਾਮੀਂ ਪੁਸਤਕ ਵਿਚੋਂ ਉਦਾਹਰਣ ਦਿੰਦਾ ਹਾਂ:-

ਲਿਖਦੇ ਹਨ-ਕਈ ਸੱਜਨ ਇਹ ਵੀ ਆਖਦੇ ਹਨ ਕਿ ਮਾਸ ਨਾ ਖਾਣ ਵਾਲੇ ਜੰਗ ਆਦਿਕ ਸਮਿਆਂ ਪਰ ਕੋਈ ਬਹਾਦਰੀ ਦਾ ਕੰਮ ਨਹੀਂ ਕਰ ਸਕਦੇ ਸੋ ਏਹ ਖਯਾਲ ਭੀ ਉਨ੍ਹਾਂ ਦਾ ਝੂਠ ਹੈ ਕਿਉਂਕਿ ਦੁਨੀਆਂ ਦੀਆਂ ਤਾਰੀਖਾਂ ਦੀ ਪੜਤਾਲ ਕਰਨ ਤੇ ਹੇਠ ਲਿਖੇ ਪ੍ਰਮਾਣ ਮਿਲਦੇ ਹਨ-

(੧) ਯੂਨਾਨੀਆਂ ਦੀ ਮਸ਼ਹੂਰ ਕੌਮ "ਸਮਾਰਟਾ" ਜੋ ਆਪਣੇ ਸਮੇਂ ਬਹਾਦਰੀ ਦੀ ਆਪਣੇ ਆਪ ਹੀ ਮਿਸ਼ਾਲ ਸੀ ਉਹ ਮਾਸ ਨਹੀਂ ਸੀ ਖਾਂਦੀ।

(੨) ਰੋਮਨ ਫ਼ੌਜ ਦੇ ਅਫ਼ਸਰ ਅਤੇ ਸਿਪਾਹੀ ਜਿਨ੍ਹਾਂ ਨੇ ਆਪਣੇ ਅਤਯੰਤ ਪ੍ਰਾਮ (ਜੋਰ) ਨਾਲ ਕਦੇ ਯੂਰਪ ਫਤੇ ਕੀਤਾ ਸੀ ਸਭ ਸਬਜ਼ ਖਾਂਦੇ ਸੀ।

(੩) ਮਾਸ ਖਾਣ ਵਾਲੇ ਰੂਸੀਆਂ ਨੇ ਸਬਜ਼ੀਆਂ ਖਾਣ ਵਾਲੇ ਜਪਾਨੀਆਂ ਪਾਸੋਂ ਜੰਗ ਵਿਚ ਹਾਰ ਖਾਧੀ ਸੀ।

(੪) ਮਰਹਟੇ ਜਿਨ੍ਹਾਂ ਦੀ ਬਹਾਦਰੀ ਮਸ਼ਹੂਰ ਹੈ ਬਿਲਕੁਲ ਮਾਸ ਨਹੀਂ ਖਾਂਦੇ ਸਨ।

(੫) ਨਾਮਧਾਰੀਏ (ਕੂਕੇ) ਸਿਖ ਜੋ ਬਿਲਕੁਲ ਮਾਸ ਨਹੀਂ ਖਾਂਦੇ ਅਤਯੰਤ ਓਜ ਵਰਧਕ ਹਨ।

(੬) ਮਹਾਰਾਜ ਅਸ਼ੋਕ ਦੀ ਬਹਾਦਰੀ ਫਤਹਯਾਬੀ ਅਤੇ ਰਾਜਨੈਤਕ ਅਜ ਤੀਕ ਤਾਰੀਖਾਂ ਦਸ ਰਹੀਆਂ ਹਨ ਪਰ ਉਹ ਮਾਸ ਬਿਲਕੁਲ ਨਹੀਂ ਸੀ ਖਾਂਦਾ।

(੭) ਰਾਮ ਮੂਰਤੀ ਨੂੰ ਕੌਣ ਨਹੀਂ ਸੀ ਜਾਣਦਾ, ਚਲਦੀ ਮੋਟਰ ਨੂੰ ਹੱਥ ਨਾਲ ਰੋਕ ਦਿੰਦਾ ਸੀ, ਹਾਥੀ ਨੂੰ ਆਪਣੀ ਛਾਤੀ ਤੇ ਖੜਾ ਕਰ ਲੈਂਦਾ ਹੈ, ਲੋਹੇ ਦਾ ਸੰਗਲ ਤੋੜ ਦੇਂਦਾ ਹੈ, ਪਰ ਮਾਸ ਨਹੀਂ ਖਾਦਾ।

(੮) ਜਰਮਨ ਅਤੇ ਇੰਗਲੈਂਡ ਵਿਚ ਪ੍ਰਸਿੱਧ 2 ਪਹਿਲਵਾਨਾਂ ਦੀਆਂ ਕੁਸ਼ਤੀਆਂ ਹੋ ਚੁੱਕੀਆਂ ਹਨ ਪਰ ਅਨੰਦ ਏਹ ਕਿ ਸਬਜ਼ੀ ਖਾਣ ਵਾਲੇ ਮਾਲੀ ਲੈ ਜਾਂਦੇ ਹਨ।

(੯) ਲੀਪਜ਼ਿਕ ਯੂਨੀਅਨ ਦੀ ਤਰਫੋਂ ੧੯ ਆਦਮੀਆਂ ਨੇ ਬਾਈਸਾਈਕਲ ਦੀ ਦੌੜ ਵਿਚ ਸ਼ਰਤ ਲਗਾਈ ਪਰ ਬਾਜੀ ਜਿਤਨ ਵਾਲਾ ਜਿਸ ਦਾ ਨਾਮ ਹਰਡ ਵਸ ਸੀ ਸਬਜ਼ੀ ਖਾਣ ਵਾਲਾ ਸੀ।

(੧੦) ਸਮਿੱਥ ਸਾਹਿਬ ਲਿਖਦੇ ਹਨ ਕਿ ਯੂਰਪ ਵਿਚ ਪੋਲੈਂਡ ਅਤੇ ਹੰਗਰੀ ਦੇ ਸਿਪਾਹੀ ਸਭ ਤੋਂ ਵਧੀਕ ਚਲਾਕ ਅਰ ਤਾਕਤਵਰ ਆਦਮੀਂ ਦੁਨੀਆਂ ਭਰ ਵਿਚ ਪਰ ਓਹ ਰੋਟੀ ਅਤੇ ਆਲੂਆਂ ਪਰ ਗੁਜਾਰਾ ਕਰਦੇ ਹਨ।

(੧੧) ਡਾਕਟ ਇਨ ਫਿਨਸਟਨ ਸਾਹਬ ਲਿਖਦੇ ਹਨ, ਕਿ ਗਰੀਨ ਲੈਂਡ ਦੇ ਬਾਸ਼ਿੰਦੇ ਜੋ ਦੁਨੀਆਂ ਭਰ ਵਿਚ ਅਬਲ ਦਰਜੇ ਦੇ ਹਿੰਸਕ ਹਨ ਪਰ ਓਹ ਸਭ ਚਿੰਗਨੇ ਅਤੇ ਬੁਜ਼ਦਿਲ ਅਤੇ

ਕਾਇਰ ਹਨ।

(੧੨) ਢੋਟੀਆਂ (ਜ਼ਿਲਾ ਲਾਇਲਪੁਰ ਪੰਜਾਬ) ਵਾਲੇ ਸਿੰਘ ਰਸਾ ਕੱਸੀ ਦੇ ਮੁਕਾਬਲੇ ਵਿਚ ਸਾਰੇ ਭਾਰਤ ਵਿਚ ਅਬਲ ਹਨ ਪਰ ਓਹ ਮਾਸ ਮੁਦਰਾ ਬਿਲਕੁਲ ਨਹੀਂ ਖਾਂਦੇ ਅਤੇ ਪੱਕੇ ਨਾਮਧਾਰੀ ਹਨ।

ਪੂਜਯ ਦਾਰ ਜੀ! ਜੇ ਬਕਰਿਆਂ ਅਤੇ ਮੁਰਗਿਆਂ ਉਤੇ ਛੁਰੀ ਚਲਾ ਕੇ ਸ਼ਸਤ੍ਰ ਅਭਿਆਸ ਕਰਕੇ ਬਹਾਦਰ ਬਣਨਾ ਚਾਹੇ ਤਾਂ ਦੁਸਵਾਰ (ਮੁਸ਼ਕਲ) ਹੈ। ਸ਼ਸਤ੍ਰ ਅਭਿਆਸ ਲਈ ਦਿਲ ਦਾ ਹੋਣਾ ਲਾਜ਼ਮੀ ਹੈ ਅਤੇ ਦਿਲ ਇਕ ਅਲਾਹੀ ਦਾਤ ਹੈ। ਬਿਨਾਂ ਦਿਲ ਤੇ ਸਾਬਤ ਕੁਕੜੀ ਖਾ ਜਾਣ ਵਾਲੇ ਸੱਜਣ ਡਰਦੇ ਰਾਤੀਂ ਜੰਗਲ ਮੈਦਾਨ ਨਹੀਂ ਨਿਕਲ ਸਕਦੇ। ਬਾਕੀ ਰਹੀ ਮਦਰਾ (ਸ਼ਰਾਬ) ਉਸਦੀ ਖਾਲਸਾ ਅਗੇ ਹੀ ਪ੍ਰਵਾਨ ਨਹੀਂ ਕਰਦਾ। ਕਿਉਂਕਿ ਉਸ ਦੀ ਗਣਨਾ ਸਾਹਿਬਾਂ ਕੁਰੈਹਤਾਂ ਵਿਚ ਤਾਂ ਕਿਤੇ ਕੀਤੀ ਹੀ ਨਹੀਂ ਪਰ ਜੇਕਰ ਵੀ ਦੇਂਦੇ ਜਾਂ ਹੋਵੇ ਵੀ ਤਾਂ ਤਦ ਕੇਹੜਾ ਮਾਸ ਖਾਣ ਤੋਂ ਖਾਲਸਾ ਹਟ ਗਿਆ ਏ। ਹਾਲਾਂ ਕਿ ਇਸ ਸੰਬਧੀ ਭਾਈ ਜੀ ਨੇ ਖਾਸ ਹੁਕਮ ਕੀਤਾ ਏਂ ਕਿ-

"ਜੀਆਂ ਮਾਰ ਨ ਖਾਈਐ ਭੰਗਾ।"

(ਭਾਈ ਗੁਰਦਾਸ ਜੀ)

ਅਤੇ ਮਾਸੁ ਨ ਖਾਣ ਦਾ ਹੁਕਮ ਦੇਂਦੇ ਹੋਇ ਫਰਮਾਂਦੇ ਹਨ "ਹਲਾਲ ਨਹੀਂ ਖਾਣਾ" ਏਹ ਕੁਰੈਹਤਾਂ ਅੰਦਰ ਸ਼ਾਮਲ ਹਨ। ਪਰ ਇਸ ਦਾ ਅਰਥ ਇੰਦ੍ਰੀ ਲੋਲੁਪਤ (ਵਿਸ਼ੇ ਪ੍ਰਾਇਨ) ਸਜਨਾਂ ਨੇ ਏਹ ਕੱਢ ਲਿਆ ਏ "ਕਿ ਕੁਠੇ ਤੋਂ ਗੁਰੂ ਜੀ ਦਾ ਭਾਵ ਹਲਾਲ ਨਾ ਖਾਣ ਤੋਂ ਹੈ। ਝਟਕੇ ਦੀ ਆਪ ਨੇ ਕੋਈ ਰੁਕਾਵਟ ਨਹੀਂ ਕੀਤੀ। ਕਿਉਂਕਿ ਇਸ ਦਾ ਮਤਲਬ ਹੀ ਏਹ ਹੈ ਕਿ ਕੁਠਾ ਨਹੀਂ ਖਾਣਾ ਝਟਕਾ ਬੇਸ਼ਕ ਖਾ ਲੈਣਾ।

ਪੂਜਯ ਸਰਦਾਰ ਜੀ ! ਗੁਰੂ ਜੀ ਦਾ ਏਹ ਭਾਵ ਨਹੀਂ ਸੀ ਅਤੇ ਨਾ ਹੀ ਏਸ ਦਾ ਏਹ ਮਤਲਬ ਹੀ ਹੈ। ਓਨਾਂ ਦਿਨਾਂ ਵਿਚ ਝਟਕੇ ਦੀ ਅਜਕਲ ਵਾਂਗੂੰ ਆਮ ਬਹੁਲਤਾ ਨਹੀਂ ਸੀ ਅਤੇ ਨਾਹੀ ਏਹ ਦੁਕਾਨਾਂ ਅੰਦਰ ਕਿਤੋਂ ਵਿਕਦਾ ਸੀ। ਸਗੋਂ ਕਿਤੇ ਕਿਤੇ ਹਿੰਦੂ ਮੰਦਰਾਂ ਅੰਦਰ (ਜੋ ਵਾਮ ਮਾਰਗੀਆਂ ਦੇ ਪ੍ਰਭਾਵ ਵਿਚ ਆ ਗਏ ਸਨ) ਦੇਵਤਿਆਂ ਨੂੰ ਬਲੀ ਦੇਣ ਦਾ ਨਾਉਂ ਦੇ ਕੇ ਆਪ ਜੇਹੇ ਧਾਰਮਿਕ ਆਗੂ ਜੀਭ ਦਾ ਸੁਆਦ ਨ ਛਡਦੇ ਹੋਏ, ਬਕਰੇ ਅਤੇ ਝੋਟੇ ਝਟਕਾਂਦੇ ਹੋਏ, ਧਰਮ ਦੀ ਚਾਦਰ ਹੇਠ ਉਪੱਦ੍ਰ ਕਰ ਰਹੇ ਸਨ। ਇਸ ਲਈ ਸ੍ਰੀ ਜੀ ਦਾ ਏਹ ਲਿਖਨਾ "ਕਿ ਦਸਮੇਸ਼ ਨੇ ਸਿੱਖਾਂ ਲਈ ਝਟਕੇ ਦਾ ਮਾਸ ਇਹ ਕਾਰਨ ਵਿਧਾਨ ਕੀਤਾ ਹੈ, ਊਕਾ ਹੀ ਨਿਰਮੂਲ ਹੈ।ਮਾਨਯੋਗ ਸ੍ਰਦਾਰ ਸਾਹਬ ਜੀ ! ਆਪਣੀ ਜੀਭ ਦੇ ਸੁਆਦ ਬਦਲੇ ਦਸਮੇਸ਼ ਦੇ ਮੱਥੇ ਕਿਉਂ ਮੜ੍ਹ ਰਹੇ ਹੋ। ਕ੍ਰਿਪਾ ਕਰਕੇ ਸ੍ਰੀ ਦਸਮੇਸ਼ ਜੀ ਦਾ ਕੋਈ ਸ੍ਰੀ ਮੁੱਖ ਵਾਕ ਤਾਂ ਪੇਸ਼ ਕਰਨਾ ਸੀ ਜਿੱਥੇ ਓਹ ਆਪ ਨੂੰ ਝਟਕਾ ਖਾਣ ਦੀ ਅਜਾਜਤ ਦੇ ਗਏ ਹਨ? ਝਟਕੇ ਦਾ ਵਿਧਾਨ (ਈਜਾਦ-ਕਾਢ) ਦਸਮੇਸ਼ ਜੀ ਨੇ ਨਹੀਂ ਕੀਤਾ ਸਗੋਂ ਦਸਮੇਸ਼ ਜੀ ਤੋਂ ਬਹੁਤ ਪਹਿਲਾਂ ਜਿਹਾ ਕਿ ਅਸੀਂ ਉਪਰ ਲਿਖ ਆਏ ਹਾਂ ਹਿੰਦੂ ਮੰਦਰਾਂ ਵਿਚ ਪ੍ਰਚਲਤ ਸੀ ਅਤੇ ਕਾਲੀ ਦੇ ਮੰਦ੍ਰ ਆਦਿ ਦੇ ਸਥਾਨਾਂ ਵਿਚ ਅਜੇ ਤੀਕ ਪਿਆ ਹੁੰਦਾ ਏ। ਅਤੇ ਜਿਨ੍ਹਾਂ ਨੂੰ ਉਸ ਸਮੇਂ ਦੇ ਸੁਧਾਰਕ ਸਮੇਂ ਸਮੇਂ ਸੁਚੇਤ ਕਰਦੇ ਰਹੇ ਹਨ ਕਿ ਤੁਸੀਂ ਇਸ ਹਿੰਸਾ ਆਦਿ ਕੁਕ੍ਰਮ ਕਰਕੇ ਵੀ ਦਯਾਵਾਨ ਅਤੇ ਦੋਸ਼ ਤੋਂ ਬਚੇ ਫਿਰਦੇ ਹੋ ਏਹ ਗਲ ਤੁਹਾਡੀ ਉਕਾ ਹੀ ਨਿਰਮੂਲ ਹੈ ਅਤੇ ਨਿਰਾਰਥਕ ਹੈ:-

ਉਨ ਝਟਕਾ ਉਨ ਬਿਸਮਲ ਕੀਨਾ
ਦਯਾ ਦੋਹਾਂ ਤੇ ਭਾਗੀ।
ਕਹਿਤ ਕਬੀਰ ਸੁਨੋ ਭਾਈ ਸਾਧੋ
ਆਗ ਦੋਹਾਂ ਘਰ ਲਾਗੀ।

ਕੀ ਅਜੇ ਵੀ ਆਪ ਦੋਸ਼ (ਪਾਪ) ਤੋਂ ਬਚਣ ਦਾ ਹੌਂਸਲਾ ਕਰੀ ਫਿਰਦੇ ਹੋ ? ਆਪ ਜੀ ਦੇ ਵਿਚਾਰ ਅਨੁਸਾਰ ਬਿਲ ਫਰਜ ਇਸ ਗਲ ਨੂੰ ਜੇ ਮੰਨ ਵੀ ਲਈਏ ਕਿ ਮਾਸ ਖਾਣ ਦੀ ਗੁਰੂ ਜੀ ਦੀ ਆਗਯਾ ਏ। ਕਈ ਸਜਨਾਂ ਦਾ ਮਦਰਾ (ਸ਼ਰਾਬ) ਸਬੰਧੀ ਵੀ ਏਹੋ ਖਯਾਲ ਹੈ। ਬਾਕੀ ਰਿਹਾ ਮੈਥਨ ? ਏਸਨੂੰ ਗੁਰੂ ਜੀ ਨੇ ਕੇਵਲ ਤੁਰਕਣੀ ਨਾਲ ਕਰਨੋ ਵਰਜਿਆ ਏ। ਹਿੰਦੂਨੀ ਜਾਂ ਸਿਖਣੀ ਹੋਵੇ ਤਾਂ ਕੋਈ ਦੋਸ਼ ਨਹੀਂ।

ਨਹੀਂ, ਜਿਸਤ੍ਰਾਂ ਸ੍ਰੀ ਜੀ ਕਲਾ ੧੪ਵੀਂ ਪੰ: ੫੧੧ ਵਿਚ ਚਾਰ ਤਨਖਾਹਾਂ ਦਾ ਜ਼ਿਕਰ ਕਰਦਿਆਂ ਅੰਕ ੯੭੪ ਵਿਚ ਲਿਖਯਾ ਏ:-

(ੲ) ਤੀਜੀ ਕੁਰੈਹਤ "ਮੁਸਲੀ ਸੇ ਭੋਗ ਕਰਨ (ਅਰਥਾਤ ਵੇਯਾ ਗਾਮੀ ਹੋਣ), ਲਿਖ ਕੇ ਫੁੱਟ ਨੋਟ ਵਿਚ ਲਿਖਯਾ ਏ।

"ਚਾਹੋ ਗੁਰਦਵਾਰਿਆਂ ਵਿਚ 'ਮੁਸਲੀਧਰ' ਨੂੰ ਬਡਾ ਤਨਖਾਹੀਆ ਸਮਝਣਾ ਆਮ ਰਿਵਾਜ਼ ਹੋ ਗਿਆ ਹੈ। ਪਰ ਗੁਰੂ ਸਾਹਬ ਦੇ ਉਪਦੇਸ਼ ਤੋਂ ਸਿਧ ਹੈ ਕਿ ਪਰ ਇਸਤ੍ਰੀ ਅਰ ਪਰ ਧਨ ਦਾ ਗ੍ਰਾਹਕ ਮਹਾਨ ਤਨਖਾਹੀਆ ਹੈ।

ਇਸ ਤਰਾਂ ਅਸੀਂ ਏਹ ਗਲ ਵੀ ਨਿਰਸੰਸ ਕਹਿ ਸਕਦੇ ਹਾਂ ਕਿ ਚਾਹੇ ਗੁਰਦਵਾਰਿਆਂ ਵਿਚ "ਕੁਠਾ ਧਰ" ਨੂੰ ਬੜਾ ਤਨਖਾਹੀਆ ਸਮਝਨਾਂ ਆਮ ਰਿਵਾਜ਼ ਹੋ ਗਿਆ ਹੈ ਪਰ ਗੁਰੂ ਸਾਹਿਬ ਦੇ ਉਪਦੇਸ਼ ਤੋਂ ਸਿਧ ਹੈ ਕਿ ਪਰ ਇਸਤ੍ਰੀ ਅਰ ਪਰ ਧਨ ਦਾ ਗ੍ਰਾਹਕ ਮਹਾਨ ਤਨਖਾਹੀਆ ਹੈ।

**ਬਾਕੀ ਸਫਾ ਨੰ 17 'ਤੇ**

# ਗੁਰੂ ਅਰਜਨ ਦੇਵ ਜੀ ਦਾ ਜੀਵਨ ਅਤੇ ਉਪਦੇਸ਼

**ਡਾ. ਚਰਨਜੀਤ ਸਿੰਘ**
**9811116003**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਾਂ ਅਨੁਸਾਰ ਸਿੱਖ ਮਤ ਦੀ ਨੀਂਹ ਉਪਰ ਉੱਚ-ਵਿਚਾਰਾਂ ਅਤੇ ਸਿਧਾਂਤਾਂ ਦੀ ਇਮਾਰਤ ਖੜੀ ਕੀਤੀ ਅਤੇ ਇਸ ਦੀ ਰਾਖੀ ਲਈ ਅਪਣਾ ਆਪ ਵੀ ਕੁਰਬਾਨ ਕਰ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਰਮ ਦੀ ਨੀਂਹ ਨੂੰ ਮਜ਼ਬੂਤੀ ਦੇਣ ਅਤੇ ਸਮਾਜ ਦੇ ਬੁਨਿਆਦੀ ਸਿਧਾਂਤਾਂ ਖ਼ਾਤਰ ਆਪਣੀ ਕੁਰਬਾਨੀ ਦੇ ਕੇ ਸਿੱਧ ਕਰ ਦਿੱਤਾ ਕਿ ਕੋਈ ਵੀ ਧਰਮ ਜਾ ਦੇਸ਼ ਵੱਡੀਆਂ ਇਮਾਰਤਾਂ ਨਾਲ ਨਹੀਂ ਉੱਸਰਦਾ ਸਗੋਂ ਵੱਡੀਆਂ ਕੁਰਬਾਨੀਆਂ ਨਾਲ ਹੀ ਸਦਾ-ਸਦਾ ਲਈ ਕਾਇਮ ਰਹਿ ਸਕਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰ-ਗੱਦੀ ਤੇ ਬਿਰਾਜਮਾਨ ਹੋ ਕੇ ਗੁਰੂ ਧਰਮ, ਗੁਰੂ ਸ਼ਕਤੀ, ਗੁਰੂ ਲਹਿਰ ਅਤੇ ਗੁਰੂ ਸੰਸਥਾ ਨੂੰ ਸਥਾਪਿਤ ਅਤੇ ਉਜਾਗਰ ਕਰਨ ਲਈ ਜੋ ਯੋਗ ਅਗਵਾਈ ਦਿੱਤੀ ਅਤੇ ਜਿਹੜੀਆਂ ਯੋਜਨਾਵਾਂ ਬਣਾਈਆਂ ਉਹਨਾਂ ਨੂੰ ਅਧਿਆਤਮਕ ਅਤੇ ਆਦਰਸ਼ਕ ਰੂਪ ਵਿੱਚ ਸਫਲਤਾ ਨਾਲ ਸਿਰਜਿਆ ਉਸ ਦਾ ਸਿਰਫ਼ ਇਤਿਹਾਸਕ ਗੌਰਵ ਹੀ ਨਹੀਂ ਸਗੋਂ ਅਧਿਆਤਮਕ ਜਗਤ ਵਿੱਚ ਸਿੱਖ ਧਰਮ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਦਾ ਪ੍ਰਗਟਾਵਾ ਵੀ ਹੋਇਆ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਵੱਡਾ ਭਰਾ ਪ੍ਰਿਥੀ ਚੰਦ ਆਪ ਜੀ ਨਾਲ ਈਰਖਾ ਕਰਦਾ ਸੀ ਕਿਉਂਕਿ ਆਪ ਵਧੇਰੇ ਪ੍ਰਤਿਭਾਸ਼ਾਲੀ ਤੇ ਦੂਰ-ਦ੍ਰਿਸ਼ਟੀ ਰੱਖਦੇ ਸਨ। ਆਪਨੂੰ ਪਿਤਾ ਤੋਂ ਦੂਰ ਰੱਖਣ ਲਈ ਹਰ ਸਮੇਂ ਕੋਈ ਨਾ ਕੋਈ ਵਿਉਂਤ ਬਣਾਉਂਦਾ ਰਹਿੰਦਾ ਸੀ। ਇਕ ਵਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਨੂੰ ਲਾਹੌਰ ਤੋਂ ਚਿੱਠੀਆਂ ਲਿਖੀਆਂ ਸਨ ਜਿਨ੍ਹਾਂ ਵਿੱਚ ਪਿਤਾ ਪ੍ਰਤੀ ਪ੍ਰੇਮ ਅਤੇ ਮਿਲਣ ਦੀ ਲਾਲਸਾ ਨੂੰ ਅਦੁੱਤੀ ਰਸ ਤੇ ਰੰਗ ਨਾਲ ਆਪਣੇ ਮਨ ਦੇ ਵਲਵਲੇ ਪ੍ਰਗਟਾਏ ਸਨ। ਪ੍ਰਿਥੀ ਚੰਦ ਨੇ ਗੁਰੂ ਅਰਜਨ ਦੇ ਜੀ ਦੁਆਰਾ ਭੇਜੀਆਂ ਇਹ ਤਿੰਨੇ ਚਿੱਠੀਆਂ ਛੁਪਾ ਲਈਆਂ। ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਜਦੋਂ ਚਿੱਠੀ ਤੇ ਪਏ ਅੰਕ ਤੋਂ ਪਹਿਲੀਆਂ ਚਿੱਠੀਆਂ ਬਾਰੇ ਪਤਾ ਚਲਿਆ ਤਾਂ ਉਹਨਾਂ ਨੇ ਦੋਹਾਂ ਨੂੰ ਇਕ ਚਿੱਠੀ ਹੋਰ ਲਿਖਣ ਲਈ ਕਿਹਾ। ਗੁਰੂ ਅਰਜਨ ਦੇਵ ਜੀ ਦੀ ਲਿਖੀ ਇਸ ਚਿੱਠੀ ਵਿੱਚ ਪਹਿਲਾਂ ਦੀਆਂ ਤਿੰਨੇ ਚਿੱਠੀਆਂ ਵਰਗੇ ਕਾਵਿਕ ਗੁਣ ਅਤੇ ਅਲੌਕਿਕ ਭਾਵਨਾਵਾਂ ਸਨ।

ਪਹਿਲੀਆਂ ਤਿੰਨੇ ਚਿੱਠੀਆਂ ਵਿੱਚ ਜਿੱਥੇ ਗੁਰੂ ਪਿਤਾ ਨੂੰ ਮਿਲਣ ਦੀ ਸਿੱਕ ਅਤੇ ਬਿਹਬਲਤਾ ਦਾ ਸ਼ਾਨਦਾਰ ਚਿੱਤਰ ਦੇਖਣ ਨੂੰ ਮਿਲਦਾ ਹੈ ਓਥੇ ਗੁਰੂ ਅਰਜਨ ਦੇ ਜੀ ਦੀ ਲਿਖੀ ਚੌਥੀ ਚਿੱਠੀ ਵਿੱਚ ਪਿਤਾ-ਮਿਲਾਪ ਦੇ ਬੇਮਿਸਾਲ ਵਰਨਨ ਸਹਿਜਤਾ ਅਤੇ ਗੁਰੂ ਪਿਤਾ ਪ੍ਰਤੀ ਦਰਸ਼ਨ ਦੀ ਲੋਚਾ ਅਤੇ ਗੁਰੂ ਪਿਤਾ ਪ੍ਰਤੀ ਸਮਰਪਣ ਦਾ ਭਾਵ ਦੇਖਣ ਨੂੰ ਮਿਲਦਾ ਹੈ:

ਭਾਗ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ
ਸੇਵ ਕਰੀ ਪਲੁ ਚਸਾ ਨਾ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ॥4॥
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ॥

ਸ੍ਰੀ ਗੁਰੂ ਅਰਜਨ ਸਾਹਿਬ ਦਾ ਜੀਵਨ ਸੱਚ, ਸਿਮਰਨ, ਸੇਵਾ, ਸਹਿਜ ਅਤੇ ਗੁਰੂ ਪ੍ਰਤੀ ਸਮਰਪਿਤ ਕਮਾਈ ਵਾਲਾ ਸੀ। ਆਪ ਗੁਰਮਤ ਬ੍ਰਹਮ ਅਤੇ ਗੁਰਮਤ ਪ੍ਰਕਾਸ਼ ਨਾਲ ਓਤ-ਪ੍ਰੋਤ ਹੋਣ ਕਰਕੇ ਆਤਮਿਕ ਮੰਡਲ ਦੇ ਰਸ ਤੇ ਅਨੰਦ ਨਾਲ ਭਿੱਜੇ ਕੂੜ-ਕ੍ਰਿਆ, ਵੈਰ-ਵਿਰੋਧ, ਲੋਭ-ਮੋਹ, ਹਉਮੈ-ਹੰਕਾਰ ਦੀ ਬਿਰਤੀ ਦੀ ਪਕੜ ਤੋਂ ਉਪਰ ਸਨ। ਇਹੀ ਕਾਰਨ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਦੀ ਜੀਵਨ-ਸ਼ੈਲੀ, ਜੀਵਨ-ਜਾਚ ਅਤੇ ਉੱਚੀਆਂ ਆਤਮਿਕ ਉਡਾਰੀਆਂ ਨੂੰ ਵੇਖਦੇ ਹੋਏ ਆਪਣੀ ਜਾਗਤ-ਜੋਤ ਅਧਿਆਤਮਕ ਜੁਗਤ ਰਾਹੀਂ ਆਪ ਵਿੱਚ ਟਿਕਾਣ ਦਾ ਨਿਰਨਾ ਲਿਆ।

ਗੁਰੂ ਘਰ ਦੇ ਜੱਸ ਵਿੱਚ ਰੰਗੇ ਸਮਕਾਲੀ ਭੱਟਾਂ ਨੇ ਇਸ ਸੰਬੰਧ ਵਿੱਚ ਗੁਰੂ ਧਰਮ, ਗੁਰੂ ਸ਼ਕਤੀ, ਗੁਰੂ ਲਹਿਰ ਅਤੇ ਗੁਰੂ ਸੰਸਥਾ ਦਾ ਵਰਣਨ ਕੁੱਝ ਇਸ ਤਰ੍ਹਾਂ ਕੀਤਾ ਹੈ:

-ਰਾਮਦਾਸਿ ਗੁਰੂ ਜਗ ਤਾਰਨ
ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥
-ਭਨਿ ਮਥਰਾ ਕਛੁ ਭੇਦੁ ਨਹੀ

ਗੁਰੁ ਅਰਜੁਨ ਪਰਤਖ ਹਰਿ॥
-ਛੱਤ੍ਰ ਸਿੰਘਾਸਨੁ ਪਿਰਥਮੀ
ਗੁਰ ਅਰਜੁਨ ਕਉ ਦੇ ਆਇਅਉ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਿੰਘਾਸਣ ਤੇ ਸੁਭਾਇਮਾਨ ਹੋ ਕੇ ਉਸੇ ਅਧਿਆਤਮਕ ਜੁਗਤ ਨੂੰ ਜਾਰੀ ਰੱਖਿਆ ਜਿਸ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰਬੱਤ ਦੇ ਭਲੇ ਲਈ, ਮਾਨਸ ਜਾਤ ਦੇ ਪ੍ਰਗਾਸ ਲਈ ਮਾਨਵ ਧਰਮ ਦੀ ਰਾਖੀ, ਉੱਚ ਸਾਹਿਤ, ਖੁਸ਼ਹਾਲ ਸਭਿਆਚਾਰ ਅਤੇ ਇਤਿਹਾਸ ਦੇ .ਖੇਤਰ ਵਿੱਚ ਅਜਿਹੇ ਸਾਰਥਕ ਤੇ ਸਿਰਜਨਾਤਮਕ ਕਾਰਜ ਕੀਤੇ ਜਿਸ ਦੀ ਮਿਸਾਲ ਹੋਰ ਕਿਤੇ ਨਹੀਂ ਮਿਲਦੀ।

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੱਕ ਸਿੱਖ ਧਰਮ ਦਾ ਕਾਫ਼ੀ ਪ੍ਰਚਾਰ ਹੋ ਚੁੱਕਾ ਸੀ। ਸਿੱਖ ਧਰਮ ਦੇ ਅਸੂਲਾਂ ਤੇ ਸਿੱਖਿਆ ਦੇ ਪ੍ਰਚਾਰ ਕਰਕੇ ਲੋਕੀ ਸਿੱਖ ਧਰਮ ਨੂੰ ਅਪਣਾਉਣ ਲਗ ਪਏ ਸੀ। ਗੁਰੂ ਸਾਹਿਬਾਨ ਦੀ ਬਾਣੀ ਦਾ ਨਿਰੰਤਰ ਵਧਦਾ ਪ੍ਰਵਾਹ ਲੋਕਾਂ ਵਿੱਚ ਪਸਾਰ ਲੈ ਚੁੱਕਿਆ ਸੀ। ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਸਿੱਖ ਧਰਮ ਆਪਣੇ ਵੱਖਰੇ ਤੇ ਪੂਰੇ ਜਲੌਅ ਵਿੱਚ ਉੱਭਰ ਕੇ ਸਾਹਮਣੇ ਆਇਆ। ਸੰਨ 1588 ਈਸਵੀ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਦੇ ਮੁਕੰਮਲ ਹੋਣ ਕਰਕੇ ਸਿੱਖ ਧਰਮ ਦਾ ਇਕ ਕੇਂਦਰੀ ਅਸਥਾਨ ਬਣ ਗਿਆ। ਵੱਡੀ ਗਿਣਤੀ ਵਿੱਚ ਸ਼ਰਧਾਲੂ ਦਰਸ਼ਨਾਂ ਨੂੰ ਆਉਣ ਲੱਗੇ।

ਹਰਿਮੰਦਰ ਸਾਹਿਬ ਗੁਰੂ-ਜੋਤਿ ਦੀ ਜੀਵਨ ਜਾਚ, ਸੋਚ, ਚਿੰਤਨ ਅਤੇ ਗਿਆਨ-ਪ੍ਰਕਾਸ਼ ਦਾ ਪ੍ਰਤੀਕ ਹੈ। ਇਸ ਦੀ ਵਿਸ਼ੇਸ਼ਤਾ ਅਤੇ ਵਿਲੱਖਣਤਾ ਇਸ ਦੇ ਰੂਪ, ਸਰੂਪ ਦਾ ਹਰ ਰੰਗ ਆਪਣੇ ਆਪ ਵਿੱਚ ਸੰਪੂਰਨ ਹੈ।

ਹਰਿਮੰਦਰ ਮਹਿ ਹਰਿ ਵਸੈ ਸਭ ਨਿਰੰਤਰ ਸੋਇ॥
ਨਾਨਕ ਗੁਰਮੁਖਿ ਵਣਜੀਐ ਸੱਚਾ ਸਉਦਾ ਹੋਇ॥
(ਪ੍ਰਭਾਤੀ ਮਹਲਾ 3)

ਹਰਿਮੰਦਰ ਸੋਈ ਆਖੀਐ ਜਿਥੇ ਹਰਿ ਜਾਤਾ॥
ਮਾਨਸੁ ਦੇਹ ਗੁਰਬਚਨੀ ਪਾਇਆ ਸਭ ਆਤਮ ਰਾਮ ਪਛਾਤਾ॥
(ਰਾਮਕਲੀ ਸ੍ਰੀ ਵਾਰ ਮਹਲਾ 3)

ਹਰਿਮੰਦਰੁ ਹਰਿ ਕਾ ਹਾਟ ਹੈ ਰਖਿਆ ਸਬਦਿ ਸਵਾਰਿ॥
ਜਿਸ ਵਿਚ ਸਉਦਾ ਇਕੁ ਨਾਮੁ ਗੁਰਮੁਖਿ ਲੈਨ ਸਵਾਰ॥
(ਪ੍ਰਭਾਤੀ ਮਹਲਾ 3)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ 1604 ਈ. ਵਿੱਚ ਸਰਬ-ਸਾਂਝੀਵਾਲਤਾ ਲਈ ਜੁਗੋ-ਜੁਗ ਅਟੱਲ, ਹਲਤ-ਪਲਤ ਕੇ ਰੱਖਿਅਕ, ਸ਼ਬਦ-ਰੂਪ ਬਾਣੀ ਨੂੰ ਬੜੀ ਕਲਾਤਮਕ ਅਤੇ ਦੂਰਗਾਮੀ ਦ੍ਰਿਸ਼ਟੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਾਰਜ ਸੰਪੂਰਨ ਕਰ ਦਿੱਤਾ। ਇਸ ਦਾ ਪ੍ਰਕਾਸ਼ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਰ ਦਿੱਤਾ ਗਿਆ। ਇਸ ਵਿੱਚ ਬਿਨਾ ਕਿਸੇ ਵਿਤਕਰੇ ਅਤੇ ਭੇਦ-ਭਾਵ ਤੋਂ ਗੁਰੂ ਸਾਹਿਬਾਨ ਤੋਂ ਇਲਾਵਾ ਹਿੰਦੁਸਤਾਨ ਦੇ ਹੋਰ ਸੱਚ ਧਰਮ ਨਾਲ ਜੁੜੇ ਸੰਤਾਂ, ਮਹਾਂਪੁਰਸ਼ਾਂ, ਪੀਰਾਂ-ਫ਼ਕੀਰਾਂ ਅਤੇ ਦਰਵੇਸ਼ਾਂ ਦੀ ਬਾਣੀ ਸ਼ਾਮਲ ਕੀਤੀ ਗਈ।

ਗੁਰੂ ਅਰਜਨ ਦੇਵ ਜੀ ਆਪ ਇਕ ਮਹਾਨ ਸਾਹਿਤਕਾਰ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਤੋਂ ਵਧ ਬਾਣੀ ਆਪ ਜੀ ਦੀ ਹੀ ਹੈ।ਆਪ ਜੀ ਨੇ ਅਨੇਕਾਂ ਛੰਦ ਲਾ-ਮਿਸਾਲ ਢੰਗ ਨਾਲ ਨਿਭਾਏ ਹਨ। ਆਪ ਜੀ ਨੂੰ ਰਸ, ਅਲੰਕਾਰ,ਰਾਗਾਂ ਦੀ ਬੜੀ ਡੂੰਘੀ ਸਮਝ ਸੀ। ਇਸ ਤੋਂ ਬਿਨਾ ਕੇਂਦਰੀ ਪੰਜਾਬੀ, ਮੁਲਤਾਨੀ, ਲਹਿੰਦੀ, ਫ਼ਾਰਸੀ ਅਤੇ ਸੰਸਕ੍ਰਿਤ ਦਾ ਗਿਆਨ ਆਪ ਦਾ ਮਹਾਨ ਭਾਸ਼ਾ ਵਿਗਿਆਨੀ ਹੋਣਾ ਦਰਸਾਉਂਦਾ ਹੈ।

ਸਿੱਖ ਧਰਮ ਦੀ ਦਿਨ-ਬ-ਦਿਨ ਵਧ ਰਹੀ ਸ਼ੋਭਾ ਸਮੇਂ ਦੇ ਹਾਕਮ ਜਹਾਂਗੀਰ ਦੇ ਕੰਨਾਂ ਤੱਕ ਵੀ ਪਹੁੰਚੀ। ਆਪਣੇ ਦਰਬਾਰੀਆਂ ਅਤੇ ਦੀਵਾਨ ਚੰਦੂ ਦੀਆਂ ਗੱਲਾਂ ਸੁਣ ਕੇ ਜਹਾਂਗੀਰ ਨੇ ਗੁਰੂ ਜੀ ਨੂੰ ਲਾਹੌਰ ਬੁਲਾਵਾ ਭੇਜਿਆ। ਚੰਦੂ ਨੇ ਮੌਕਾ ਦੇਖ ਕੇ ਜਹਾਂਗੀਰ ਨੂੰ ਭੜਕਾ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਇਸਲਾਮ ਵਿਰੁੱਧ ਗੱਲਾਂ ਦਰਜ ਹਨ ਅਤੇ ਗੁਰੂ ਅਰਜਨ ਦੇਵ ਰਾਜ ਵਿਰੁੱਧ ਬਗ਼ਾਵਤ ਦੀ ਤਿਆਰੀ ਕਰ ਰਹੇ ਹਨ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੀ ਸਿਫ਼ਤ ਸਲਾਹ ਸ਼ਾਮਲ ਕਰਨ ਲਈ ਕਿਹਾ ਪਰ ਗੁਰੂ ਜੀ ਨੇ ਸਾਫ਼ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਇਸ ਗ੍ਰੰਥ ਵਿੱਚ ਪਰਮ ਪਿਤਾ ਪਰਮਾਤਮਾ, ਅਕਾਲ ਪੁਰਖ ਦੀ ਮਹਿਮਾ ਵਰਣਿਤ ਕੀਤੀ ਗਈ ਹੈ ਨਾ ਕਿ ਕਿਸੇ ਵਿਅਕਤੀ-ਵਿਸ਼ੇਸ਼ ਦੀ। ਗੁਰੂ ਜੀ ਦੀ ਦ੍ਰਿੜ੍ਹਤਾ ਅਤੇ ਨਿਰਭੈਤਾ ਦੇਖ ਕੇ ਜਹਾਂਗੀਰ ਨੇ ਗੁਰੂ ਜੀ ਨੂੰ 2 ਲੱਖ ਰੁਪਏ ਜੁਰਮਾਨਾ ਭਰਨ ਅਤੇ ਸਜ਼ਾ ਭੁਗਤਣ ਲਈ ਕਿਹਾ ਗਿਆ। ਗੁਰੂ ਜੀ ਸੱਚ ਦੇ ਮਾਰਗ ਤੋਂ ਪਿੱਛੇ ਨਹੀਂ ਹਟੇ ਅਤੇ ਆਪਣੀ ਕੁਰਬਾਨੀ ਦੇਣੀ ਉਚਿਤ ਸਮਝੀ।

ਜਹਾਂਗੀਰ ਗੁਰੂ ਜੀ ਨੂੰ ਆਪਣੇ ਦੀਵਾਨ ਚੰਦੂ ਲਾਲ ਦੇ ਹਵਾਲੇ ਕਰ ਦਿੱਤਾ। ਹੁਣ ਚੰਦੂ ਦੇ ਹੱਥ ਆਪਣੀ ਨਿੱਜੀ ਦੁਸ਼ਮਣੀ ਕੱਢਣ ਦਾ ਮੌਕਾ ਲੱਗ ਗਿਆ ਕਿਉਂਕਿ ਗੁਰੂ ਜੀ ਦੀ ਦਿਨ-ਬ-ਦਿਨ ਵੱਧ ਰਹੀ ਕੀਰਤੀ ਨੂੰ ਵੇਖਦੇ ਹੋਏ ਲਾਹੌਰ ਦੇ

ਦੀਵਾਨ ਚੰਦੂ ਲਾਲ ਵੱਲੋਂ ਭੇਜੇ ਬ੍ਰਾਹਮਣ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਗੁਰੂ ਜੀ ਦੇ ਸਪੁੱਤਰ ਹਰਿਗੋਬਿੰਦ ਜੀ ਨਾਲ ਪੱਕਾ ਕਰ ਦਿੱਤਾ ਸੀ। ਜਦੋਂ ਚੰਦੂ ਨੂੰ ਇਸ ਗਲ ਦਾ ਪਤਾ ਲਗਾ ਤਾਂ ਉਸ ਨੂੰ ਬੜੀ ਹੇਠੀ ਲੱਗੀ, ਆਪਣੇ ਆਪ ਨੂੰ ਵੱਡਾ ਜਾਣ ਕੇ ਚੰਦੂ ਨੇ ਗੁਰੂ ਘਰ ਬਾਰੇ ਅਪਸ਼ਬਦ ਕਹਿਣੇ ਅਤੇ ਬੋਲ-ਕੁਬੋਲ ਸ਼ੁਰੂ ਕਰ ਦਿੱਤੇ। ਨਿਮਰਤਾ ਅਤੇ ਪਰਉਪਕਾਰ ਦੇ ਪੁੰਜ ਗੁਰੂ ਅਰਜਨ ਦੇਵ ਜੀ ਤਾਂ ਉਸਤਤ-ਨਿੰਦਿਆ ਤੋਂ ਉਪਰ ਸਨ ਪਰ ਸਿੱਖ ਸੰਗਤ ਨੂੰ ਹੰਕਾਰੀ ਚੰਦੂ ਦੀ ਗੁਰੂ ਘਰ ਬਾਰੇ ਅਜਿਹੀ ਰਾਇ ਅਤੇ ਨਿੰਦਿਆ ਬੁਰੀ ਲੱਗੀ ਅਤੇ ਉਹਨਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਹੰਕਾਰੀ ਚੰਦੂ ਦਾ ਇਹ ਰਿਸ਼ਤਾ ਅਪ੍ਰਵਾਨ ਕਰ ਦੇਣ। ਗੁਰੂ ਜੀ ਵੱਲੋਂ ਰਿਸ਼ਤੇ ਦੇ ਇਨਕਾਰੀ ਹੋਣ ਤੇ ਚੰਦੂ ਸੜ-ਬਲ ਗਿਆ ਅਤੇ ਉਹ ਗੁਰੂ ਜੀ ਦਾ ਵੈਰੀ ਬਣ ਗਿਆ ਸੀ।

ਚੰਦੂ ਨੇ ਆਪਣੀ ਨਿੱਜੀ ਦੁਸ਼ਮਣੀ ਅਤੇ ਹਾਕਮ ਦੇ ਹੁਕਮਾਂ ਦੀ ਪਾਲਨਾ ਦੀ ਆੜ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦਿੱਤੇ। ਗੁਰੂ ਜੀ ਨੂੰ ਅਤਿ ਗਰਮੀ ਵਿੱਚ ਅੱਗ ਨਾਲ ਸੜਦੀ ਲੋਹ ਉਪਰ ਬਿਠਾਇਆ ਗਿਆ। ਕੜਛਿਆਂ ਰਾਹੀਂ ਤੱਤੀ ਰੇਤ ਸਰੀਰ ਉਪਰ ਧੂੜੀ ਗਈ ਅਤੇ ਦੇਗ ਵਿੱਚ ਉਬਾਲਿਆ ਗਿਆ।

ਸ਼ਾਂਤੀ ਦੇ ਪੁੰਜ ਅਤੇ ਨਿਮਰਤਾ ਤੇ ਪਰਉਪਕਾਰ ਦੀ ਮੂਰਤ ਆਪਣੇ ਅਸੂਲਾਂ ਤੇ ਟਿਕੇ ਰਹੇ। ਗੁਰੂ ਜੀ ਧਰਮ ਅਤੇ ਕੌਮ ਨੂੰ ਕਾਇਮ ਰੱਖਣ ਖ਼ਾਤਰ ਜੇਠ ਸੁਦੀ ਚੌਥ ਵਾਲੇ ਦਿਨ ਜੋਤੀ-ਜੋਤ ਸਮਾ ਗਏ।

.....................................................

## ਸਿੱਖ ਧਰਮ ਅਤੇ ਜੀਵਨ ਹਿੰਸਾ

ਇਸ ਤਰਾਂ ਅਸੀਂ ਏਹ ਗਲ ਵੀ ਨਿਰਸੰਸ ਕਹਿ ਸਕਦੇ ਹਾਂ ਕਿ "ਚਾਹੇ ਗੁਰਦਵਾਰਿਆਂ ਵਿਚ "ਕੁਠਾ ਧਰ" ਨੂੰ ਬੜਾ ਤਨਖਾਹੀਆ ਸਮਝਨਾਂ ਆਮ ਰਿਵਾਜ਼ ਹੋ ਗਿਆ ਹੈ ਪਰ ਗੁਰੂ ਸਾਹਿਬ ਦੇ ਉਪਦੇਸ਼ ਤੋਂ ਸਿਧ ਹੈ ਕਿ ਕਿਸੇ ਤਰ੍ਹਾਂ ਦਾ ਮਾਸ ਝਟਕਾ ਹੋਵੇ ਜਾਂ ਪਟਕਾ ਨਹੀਂ ਖਾਣਾ ਇਸੇ ਥਾਂ ਆਪ ਆਪਣੇ ਪੱਖ (ਵੇਸ਼ਯਾ ਗਾਮੀ ਹੋਣ ਦੇ ਸਮਰਥਨ ਲਈ ਲਿਖਦੇ ਹਨ):-

ਕਿ ਉਸ ਸਮੇਂ ਵੇਸੁਯਾ ਬਹੁਤ ਕਰਕੇ ਮੁਸਲਮਾਨੀਆਂ ਹੁੰਦੀਆਂ ਸਨ ਇਸ ਲਈ ਵੇਸ਼ਯਾ ਦੀ ਥਾਂ ਮੁਸਲੀ ਪਦ ਵਰਤੋਂ ਵਿਚੋਂ ਆਇਆ" ਪਰ ਇਸਤ੍ਰੀ ਤੇ ਨਹੀਂ ਨਾ। ਇਸੇ ਦਲੀਲ ਅਨੁਸਾਰ ਅਸੀਂ ਵੀ ਕਹਿ ਸਕਦੇ ਹਾਂ ਕਿ "ਕੁਠਾ ਬਹੁਤ ਕਰਕੇ ਮੁਸਲਮਾਨ ਕਰਦੇ ਸਨ। ਇਸ ਲਈ ਝਟਕੇ ਦੀ ਥਾਂ ਕੁਠਾ ਪਦ ਵਰਤੋਂ ਵਿਚ ਆਇਆ।

ਜਿਸ ਤਰ੍ਹਾਂ ਮੁਸਲੀ ਸੇ ਭੋਗ ਕਰਨਾ" ਤੋਂ ਪਰ ਇਸਤ੍ਰੀ (ਵੇਸ਼ਯਾ) ਗਾਮੀ ਨੇ ਹੋਣ ਦੀ ਤਾੜਨਾ ਹੈ ਏਸੇ ਤਰ੍ਹਾਂ 'ਕੁਠਾ ਨਾ ਖਾਣਾ' ਤੋਂ ਝਟਕਾ ਆਦਿ ਮਾਸ ਖਾਣ ਦੀ ਮਨਾਹੀ ਸਮਝਣੀ। ਸੋ ਜੇ ਏਹ "ਮਾਸ" "ਮਦਰਾ" "ਮੈਥਨ" ਤਿੰਨ "ਮਕਾਰ" ਆ ਗਏ ਹਨ। ਤੇ ਹੌਲੀ ਹੌਲੀ ਬਾਕੀ ਦੋ ਵੀ ਆ ਗਏ ਫਿਰ ਸਿੱਖ ਮਤ ਅਤੇ ਵਾਮ, ਮਾਰਗ ਦਾ ਭੇਦ ਕੀ ਰਹਿ ਗਿਆ ਅਤੇ ਸਿੱਖ ਮੱਤ ਦੀ ਉੱਚਤਾ ਕਿੱਥੇ ਰਹਿ ਗਈ! ਨਹੀਂ! ਗੁਰੂ ਜੀ "ਮਾਸ" "ਮਦਰਾ" "ਮੈਥਨ" ਆਦਿ ਦੇ ਕੁਕਰਮਾਂ ਦੇ ਵਿਰੋਧੀ ਸਨ, ਜਿਸ ਦੇ ਸਬੂਤ ਵਿਚ ਅਸੀਂ ਬਹੁਤ ਸਾਰੇ ਪ੍ਰਮਾਨ ਗੁਰ ਬਾਣੀ ਵਿਚੋਂ ਉੱਤੇ ਲਿਖ ਆਏ ਹਾਂ ਅਤੇ ਹੁਣ ਸਿੱਖ ਇਤਿਹਾਸ ਦੇ ਕੁਝ ਉਦਾਰਹਰਣਾਂ ਲਿਖ ਇਸ ਪ੍ਰਕਰਨ ਨੂੰ ਖਤਮ ਕਰਦੇ ਹਾਂ।

ਸੋ ਪਾਠਕ ਜੀ! ਸ੍ਰੀ ਸਤਿਗੁਰੂ ਜੀ ਮਾਸ਼ ਖਾਣ ਦਾ ਦੋਸ਼ ਨਾ ਸਮਝਦੇ ਤਾਂ ਏਹ ਗਲਾਂ ਕਦੀਂ ਨਾ ਕਰਦੇ। ਸ੍ਰੀ ਮਾਨ ਗਯਾਨੀ ਗਯਾਨ ਸਿੰਘ ਜੀ ਲਿਖਦੇ ਹਨ।

ਏਸੇ ਤਰ੍ਹਾਂ ਮਾਝੇ ਦੇਸ ਵਿਚ ਕਈ ਮਹੀਨੇ ਵਿਚਰਕੇ ਸੰਤਾਂ, ਮਹੰਤਾਂ, ਭਗਤਾਂ ਨੂੰ ਦੀਦਾਰ ਦਿਤੇ। ਅਨੰਤ ਜੀਵਾਂ ਦੇ ਉਧਾਰ ਕੀਤੇ। ਖਾਲੜੇ ਪਿੰਡ ਤੋਂ ਚੱਲ ਕੇ ਲਾਹੌਰ ਜਵਾਹਰ ਮਲ ਦੇ ਚੌਹੱਟੇ ਵਿਚ ਖੂਹ ਦੇ ਪਾਸ, ਪਿਪਲੀ ਹੇਠ ਰਾਤ ਗੁਜ਼ਾਰੀ ਓਥੇ ਕਸਾਈ ਬਹੁਤ ਜੀਵਾਂ ਦੀ ਘਾਤ ਕਰਦੇ ਦੇਖੇ ਤਾਂ ਬੋਲੇ "ਲਾਹੌਰ ਸ਼ਹਿਰ ਜ਼ਹਿਰ ਕਹਿਰ ਸਵਾ ਪਹਿਰ"

ਗਯਾਰਵੇਂ ਸਾਲ ਹਰਿਦਯਾਲ ਪ੍ਰੋਹਤ ਬਾਬਾ ਜੀ ਨੂੰ ਜਨੇਊ ਪਾਉਣ ਲਗਾ ਤੇ ਬਕਰਾ ਮਾਰਿਆ ਤਾਂ ਬਾਬਾ ਜੀ ਨੇ ਇਹ ਸਲੋਕ ਉਚਾਰਿਆ ਮਹਲਾ ੧ ਤਗ ਕਪਾਹਹੁ ਕਤੀਐ ਬਾਹਮਣ ਵਟੇ ਆਇ। ਕੁਹਿ ਬਕਰਾ ਰਿੰਨ੍ਹਿ ਖਾਇਆ ਸਭ ਕੋ ਆਖੈ ਪਾਇ। ਹੋਇ ਪੁਰਾਣਾ ਸੁਟੀਐ ਭੀ ਫਿਰ ਪਾਈਐ ਹੋਰ। ਨਾਨਕ ਤਗ ਨਾ ਤੁਟਈ ਜੇ ਤਗ ਹੋਵੈ ਜੋਰ।" ਬਾਬੇ ਆਖਿਆ, ਪ੍ਰੋਹਤ ਜੀ, ਤੁਸੀਂ ਕਪਾਸ ਦਾ ਜੰਞੂ ਵੱਟ ਕੇ ਉਤਸ਼ਾਹ ਕੀਤਾ ਨਿਉਤਾ ਦੇਕੇ-ਬ੍ਰਾਹਮਣ ਬੁਲਾਏ, ਆਪਣੇ ਸੁਵਾਦ ਵਾਸਤੇ ਬਕਰਾ ਮਾਰਿਆ। (ਤਵਾਰਿਖ ਗੁਰੂ ਖਾਲਸਾ) ਇੰਝ ਹੀ ਨਾਨਕ ਪ੍ਰਕਾਸ਼ ਵਿਚ ਜੰਞੂ ਦੀ ਤਿਆਰੀ ਵੇਲੇ ਲਿਖਿਆ ਏ:-

"ਭੋਜਨ ਹੇਤ ਅੰਨ ਇਕ ਠਾਈ। ਆਮਿਖ ਕਾਰਨ ਛਾਂਗ ਮਗਾਈ।"

**ਚਲਦਾ...**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਇਸ ਮੌਕੇ ਸ੍ਰੀ ਸਤਿਗੁਰੂ ਜੀ ਸੰਤ ਦਿਆਲ ਸਿੰਘ ਫਗਵਾੜਾ ਨਾਲ ਕੁਝ ਮਹੱਤਵਪੂਰਨ ਗੱਲ ਬਾਤ ਕਰ ਰਹੇ ਸਨ ਜੋ ਕੇਵਲ ਦੋਹਾਂ ਦੇ ਹੀ ਦਰਮਿਆਨ ਸੀ। ਇਸ ਸਮੇਂ ਸੰਤ ਘੁੱਲਾ ਸਿੰਘ ਅਤੇ ਖਜਾਨ ਸਿੰਘ ਤਾਂ ਸੁਰਾਂ ਦੀ ਸਮਝ ਰੱਖਦੇ ਕੋਲ ਬੈਠੇ ਸਨ ਪਰ 5-7 ਹੋਰ ਵੀ ਦਰਸ਼ਨ ਪ੍ਰੇਮੀ ਇਸ ਮੌਕੇ ਦਾ ਲਾਭ ਉਠਾ ਰਹੇ ਸਨ। ਮੈਂ 15 ਕੁ ਮਿੰਟ ਬੈਠ ਕੇ ਆਪਣੇ ਡੇਰੇ ਆ ਗਿਆ।

**15 ਅਪਰੈਲ 1987, ਬੁੱਧਵਾਰ**
**ਸ੍ਰੀ ਭੈਣੀ ਸਾਹਿਬ**

ਵੈਸਾਖੀ ਮੇਲੇ ਦਾ ਅੰਤਮ ਦਿਨ ਸਿਮ੍ਰਤੀ ਮੰਦਰ ਦੀ ਹਵਨ ਸਮੱਗਰੀ ਦੀ ਮਹਿਕ ਨਾਲ ਸੁਗੰਧਤ ਹੋ ਗਿਆ। ਆਸਾ ਦੀ ਵਾਰ ਦਾ ਭੋਗ ਪੈਣ ਤੱਕ ਅੰਮ੍ਰਿਤ ਤਿਆਰ ਹੋ ਕੇ 17 ਜੋੜਿਆਂ ਨੂੰ ਛਕਾਇਆ ਗਿਆ। ਸੰਤ ਦਿਆਲ ਸਿੰਘ ਫਗਵਾੜਾ ਅਤੇ ਸੰਤ ਗੁਰਦਿਆਲ ਸਿੰਘ ਰਾਇਸਰੀ ਹੋਰ ਸਾਥੀਆਂ ਨਾਲ ਵਿਆਹ-ਜੋੜਿਆਂ ਨਾਲ ਸੰਬੰਧ ਰਸਮਾਂ ਭੁਗਤਾਂਦੇ ਰਹੇ ਅਤੇ 6.20 ਤੱਕ ਕੜਾਹ ਪ੍ਰਸ਼ਾਦਿ ਅਤੇ ਆਦਿ ਗ੍ਰੰਥ ਸਾਹਿਬ ਦੀ ਬੀੜ ਲੈ ਆਂਦੀ ਗਈ ਅਤੇ ਪਾਠੀ ਸਿੰਘ ਲਾਵਾਂ ਪੜ੍ਹਨ ਲੱਗੇ। ਸ੍ਰੀ ਸਤਿਗੁਰੂ ਜੀ ਮੁੱਢ ਤੋਂ ਹੀ ਦੀਵਾਨ ਵਿੱਚ ਉਪਸਥਿਤ ਸਨ। ਹਜ਼ੂਰੀ ਵਿੱਚ 2 ਵਾਰ ਵਿੱਚ 17 ਜੋੜੇ ਆਨੰਦਿਤ ਹੋ ਗਏ।

6. 30 ਤੋਂ 5 ਮਿੰਟ ਤੱਕ ਕੈਮਰੇ ਵਾਲਿਆਂ ਨੂੰ ਫੋਟੋਗ੍ਰਾਫੀ ਦੀ ਛੂਟ ਮਿਲੀ। 30 ਕੈਮਰਾ ਮੈਨਾਂ ਅਤੇ ਵੀਡੀਓ ਗ੍ਰਾਫਰਾਂ ਪੰਜ ਮਿੰਟ ਵਿੱਚ ਰੱਜ ਲਿਆ। ਸਾਰੇ ਮੇਲੇ ਦਾ ਸਪੀਕਰ ਦਾ ਪ੍ਰੋਗਰਾਮ ਸੰਤ ਗੁਰਮੁਖ ਸਿੰਘ ਲੁਹਾਰਾਂ ਦੇ ਹੱਥ ਸੀ। ਸੇਵਕ ਹਰਪਾਲ ਸਿੰਘ ਵੀ ਸਹਾਇਕ ਵਜੋਂ ਨਾਲ ਰਿਹਾ। ਅੱਜ 4 ਬੱਚਿਆਂ ਨੂੰ ਸਤਿਗੁਰੂ ਜੀ ਨੇ ਦਸਤਾਰਾਂ ਸਜਾਈਆਂ।

ਜਦੋਂ 6. 45 ਤੇ ਸੰਤ ਪੂਰਬਾ ਜੀ ਨੇ ਵੈਸਾਖੀ ਦੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਤਾਂ ਪਤਾ ਲੱਗਿਆ ਕਿ ਇਸ ਵਾਰ ਦਾ ਵੈਸਾਖੀ ਦਾ ਮੇਲਾ ਇੰਗਲੈਂਡ ਵਾਸੀ ਸ. ਗੁਰਦੀਪ ਸਿੰਘ ਨੇ ਕਰਵਾਇਆ ਸੀ। ਅਰਦਾਸ ਵਿੱਚ ਹੇਠ ਲਿਖੇ ਅਨੁਸਾਰ ਵੇਰਵਾ ਦਿੱਤਾ ਗਿਆ- 29 ਪਾਠ ਆਨੰਦ ਕਾਰਜ ਵਾਲਿਆਂ ਵਲੋਂ ਕਰਵਾਏ ਗਏ।
4 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾ ਨਮਿਤ
1 ਪਾਠ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਯਾਦ ਵਿੱਚ
5 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ
1 ਪਾਠ ਰੜ ਦੇ ਸ਼ਹੀਦਾਂ ਨਮਿਤ
1 ਪਾਠ ਸੰਤ ਨਦਰ ਸਿੰਘ ਜੀ ਦੀ ਦੇਹ ਅਰੋਗਤਾ ਲਈ।
1 ਪਾਠ ਸੰਤ ਸਵਰਨ ਸਿੰਘ ਜੀ ਦੇ ਕੇਸ ਵਿੱਚੋਂ ਬਰੀ ਹੋਣ ਦੀ ਖੁਸ਼ੀ ਵਿੱਚ
1 ਪਾਠ ਲੜਕੀ ਹੋਣ ਦੀ ਖੁਸ਼ੀ ਵਿੱਚ ਸੰਤ ਸਰਿੰਦਰ ਸਿੰਘ ਵਲੋਂ
1 ਪਾਠ ਸ੍ਰੀ ਗੁਰਦੇਵ ਸਿੰਘ ਜੀ ਦੀ ਗਤੀ ਨਮਿਤ
2 ਪਾਠ ਭਾਵਨਾ ਪੂਰਤੀ ਲਈ

ਅੱਜ ਮੇਲਾ ਦਰਸ਼ਕਾਂ ਦੀ ਹਾਜ਼ਰੀ 1500 ਸੀ। ਵਿਵਾਹਿਤ ਜੋੜਿਆਂ, ਵਾਕ ਸੁਣ ਕੜਾਹ ਪ੍ਰਸ਼ਾਦਿ ਲੈ ਕੇ ਸ੍ਰੀ ਸਤਿਗੁਰੂ ਜੀ ਨਵੇਂ ਜੀਵਨ ਲਈ ਆਸ਼ੀਰਵਾਦਾਤਮਕ ਨਮਸਕਾਰਾਂ ਕੀਤੀਆਂ। ਐਲਾਨ ਕੀਤਾ ਗਿਆ ਕਿ ਸੂਬਾ ਉਦੈ ਸਿੰਘ ਦਾ ਭੋਗ ਚੁੰਨੀ ਵਿਖੇ ਪਵੇਗਾ ਤੇ ਸ੍ਰੀ ਸਤਿਗੁਰੂ ਜੀ ਦਰਸ਼ਨ ਦੇਣਗੇ। ਦੀਵਾਨ ਦੀ ਸਮਾਪਤੀ ਹੋ ਗਈ 7 ਵਜੇ ਹਨ।

Satguru Jagjit Singh Ji was an amazing athlete; his love for sports well known. Patsha Ji's favorite sports were football, badminton, swimming, and hockey. Patsha Ji was a great wrestler in his youth. Satguru Ji loved cycling long distances with friends. Patsha Ji loved nature, plants, animals, mountains, lakes, and

rivers, always drawing them. Satguru Ji used to climb mango trees at the Neelo River near Sri Bhaini Sahib and dive into the waters below. Satguru Ji was never overweight at any time in his life, encouraging his disciples to take care of their bodies and stay fit. Patsha ji said that every Namdhari child should be in shape and healthy.

Patsha Ji established a field hockey academy, producing some of India's best players and teams. Some players even moved on to play hockey internationally, thanks to Satguru Jagjit Singh Ji. Patsha Ji set up many sportsmen for success in badminton, being great at badminton himself.

Satguru Jagjit Singh Ji opened Satguru Partap Singh Academy in honor of Satguru Partap Singh. He opened this school so that Namdhari children could get a high education and learn about Sikhi, Gurbani, and Sangeet, all while remaining completely in their Namdhari attire. Patsha Ji also opened Satguru Partap Singh Hospital in Ludhiana, India. There, the poor and needy could receive expert care, regardless of whether they could afford it.

Patsha Ji was a perpetual ocean of love, kindness, and compassion, never failing to disappoint. Patsha Ji left a lasting impression on those he met, making them feel blessed. He was an astonishing musician with a beautiful voice. He was a breathtaking athlete. But above all, Satguru Ji was caring, empathetic, and understanding. His legacy inspires others to spread kindness and stay devoted to the true Almighty. Everyone should recite Gurbani and practice Naam simran to become the kind of people Satguru Ji adored.

Satguru Jagjit Singh Ji passed on his divine light and the light of Guru Nanak to Satguru Uday Singh Ji, the current master of the Namdhari Sikhs. Following the teachings of his predecessor, Satguru Uday Singh Ji carries on the mission of Satguru Jagjit Singh Ji, continuing the work Satguru Ji began.

.........................................................

## ਸ੍ਰੀ ਹੇਮਕੁੰਟ ਸਾਹਿਬ-ਖੋਜ...

ਪਿੱਛੋਂ ਆਪ ਜੀ ਨੂੰ ਗੁਰ ਸੇਵਾ ਦੀ ਅਜਿਹੀ ਚੇਟਕ ਲੱਗੀ ਕਿ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਬਾਬਾ ਮੋਦਨ ਸਿੰਘ ਜੀ ਦੀ ਪਿੰਡ ਕੰਗਨਵਾਲਾ ਜ਼ਿਲ੍ਹਾ ਲੁਧਿਆਣਾ ਵਿੱਚ ਜ਼ਮੀਨ ਸੀ। ਜੋ ਆਪ ਜੀ ਨੇ ਵੇਚ ਕੇ ਗੁਰੂ ਲੇਖੇ ਲਗਾ ਦਿੱਤੀ ਅਤੇ ਬੜੀ ਸੂਝ ਸਿਆਣਪ ਨਾਲ ਪੰਡਕੇਸ਼ਵਰ ਤੋਂ ਹੇਮਕੁੰਟ ਲਈ ਇੱਕ ਸੁਖੈਨ ਰਸਤਾ ਲੱਭਿਆ ਤਾਂ ਕਿ ਹਰ ਦਰਸ਼ਨ ਅਭਿਲਾਖੀ ਲਈ ਉੱਪਰ ਜਾਣਾ ਸੌਖਾ ਹੋ ਜਾਵੇ। ਛੇਤੀ ਹੀ ਆਪ ਜੀ ਨੇ ਗੋਬਿੰਦ ਘਾਟ ਗੁਰਦੁਆਰਾ ਬਣਾਉਣ ਲਈ ਸਕੀਮ ਤਿਆਰ ਕੀਤੀ ਤੇ ਨੀਂਹ ਪੱਥਰ ਰੱਖਿਆ ਤੇ ਦਰਿਆ ਉੱਪਰ ਪੁਲ ਬਣਾਉਣ ਲਈ ਸਰਕਾਰ ਤੇ ਜੋਰ ਦਿੱਤਾ। ਉਹਨਾਂ ਦਿਨਾਂ ਵਿੱਚ ਸੰਗਤ ਨੂੰ ਰਾਸ਼ਨ ਦੀ ਤੰਗੀ ਸੀ। ਬਾਬਾ ਸੋਹਨ ਸਿੰਘ ਸੰਗਤ ਲਈ ਭੁੱਜੇ ਹੋਏ ਛੋਲਿਆਂ ਅਤੇ ਗੁੜ ਦਾ ਪ੍ਰਬੰਧ ਕਰਦੇ।

ਪਿੱਪਲ ਕੋਟੀ ਦਾ ਅਸਥਾਨ ਗੋਬਿੰਦ ਘਾਟ ਤੋਂ 50 ਕਿਲੋਮੀਟਰ ਤੇ ਹੈ ਪਰ ਆਪ ਜੀ ਸੰਗਤ ਦੇ ਸਵਾਗਤ ਲਈ ਇੱਥੋਂ ਤੱਕ ਆਉਂਦੇ ਅਤੇ ਢੋਲਕੀ ਛੈਣਿਆਂ ਨਾਲ ਕੀਰਤਨ ਕਰਦੇ ਹੋਏ ਉੱਧਰ ਨੂੰ ਜਾਂਦੇ। ਇਸੇ ਸਮੇਂ ਤੱਕ ਸੰਤ ਮੋਹਨ ਸਿੰਘ ਜੀ ਕਾਫੀ ਬਿਰਧ ਹੋ ਚੁੱਕੇ ਸਨ। ਆਪ ਜੀ 13 ਫਰਵਰੀ 1939 ਨੂੰ ਸੇਵਾ ਕਰਦੇ ਹੋਏ ਗੁਰਪੁਰੀ ਜਾ ਬਿਰਾਜੇ।

ਬਾਬਾ ਮੋਦਨ ਸਿੰਘ ਜੀ ਬਿਹੰਗਮ ਬਿਰਤੀ ਦੇ ਮਾਲਕ ਸਨ ਅਤੇ ਤਿਆਗ ਦੀ ਮੂਰਤ ਸਨ। ਆਪ ਜੀ ਨੇ ਇੱਕ ਦਰਖਤ ਦੀ ਖੁੱਡ ਵਿੱਚ ਨਿਵਾਸ ਕੀਤਾ ਅਤੇ ਪ੍ਰਭੂ ਭਗਤੀ ਵਿੱਚ ਲਿਵਲੀਨ ਰਹਿੰਦੇ ਸਨ। ਉਹਨਾਂ ਨੇ ਸੰਗਤਾਂ ਨੂੰ ਪਰੇਰਨਾ ਦੇ ਕੇ ਗੁਰਦੁਆਰਾ ਗੋਬਿੰਦ ਘਾਟ ਬਣਾਇਆ ਹੈ ਤੇ ਫਿਰ ਉਹਨਾਂ ਨੇ ਸਮੁੱਚੇ ਪ੍ਰਬੰਧ ਲਈ 1960 ਈ. ਵਿੱਚ ਗੁਰਦੁਆਰਾ ਹੇਮਕੁੰਟ ਸਾਹਿਬ ਮੈਨੇਜ ਮੈਂਟ ਟਰਸਟ ਹੋਂਦ ਵਿੱਚ ਲਿਆਦਾ। ਇਹ ਗੁਰਦੁਆਰਾ ਸਾਹਿਬ ਟਰਸਟ ਦੇ ਅਧੀਨ ਹਰਮਨ- ਪਿਆਰਾ ਹੋ ਰਿਹਾ ਹੈ। ਹਰ ਸਾਲ ਅਨੇਕਾਂ ਗੁਰੂ ਘਰ ਦੇ ਸ਼ਰਧਾਲੂ ਉਸ ਪਵਿੱਤਰ ਗੁਰੂ-ਧਾਮ ਦੇ ਦਰਸ਼ਨਾ ਲਈ ਜਾਂਦੇ ਹਨ ਤੇ ਆਪਣਾ ਜਨਮ ਸਫਲਾ ਕਰਦੇ ਹਨ।

.........................................................

# ਖ਼ਬਰਨਾਮਾ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਲਾਹਾਬਾਦ ਮਹਾਂ ਕੁੰਭ ਵਿਖੇ ਦਰਸ਼ਨ ਦਿੱਤੇ

ਦੇਸ਼ ਭਗਤੀ ਅਤੇ ਮੁਢਲੀਆਂ ਭਾਰਤੀ ਪਰੰਪਰਾਵਾਂ ਨਾਲ ਜੁੜਨ ਦਾ ਜੋ ਉਪਦੇਸ਼ ਸਾਡੇ ਸਤਿਗੁਰੂ ਸਾਹਿਬਾਨ ਨੇ ਸਾਨੂੰ ਦਿੱਤਾ। ਉਸੇ ਲੜੀ ਨੂੰ ਅੱਗੇ ਤੋਰਦੇ ਹੋਏ, ਦੇਸ਼ ਭਗਤੀ ਦੀ ਭਾਵਨਾ ਨਾਮਧਾਰੀ ਸਿੱਖਾਂ ਅੰਦਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪੈਦਾ ਕੀਤੀ ਅਤੇ ਨਾਮਧਾਰੀ ਸਿੱਖਾਂ ਇਸੇ ਦੇਸ਼ ਭਗਤੀ ਦੀ ਘਾਲਣਾ ਕਰਦੇ ਹੋਏ ਭਾਰਤ ਦੀ ਆਜ਼ਾਦੀ ਲਈ ਸ਼ਹਾਦਤਾਂ ਪ੍ਰਾਪਤ ਕਰ ਗਏ। ਪੁਰਾਤਨ ਕਥਾਵਾਂ ਦੇ ਮੁਤਾਬਿਕ ਇਲਾਹਾਬਾਦ ਦਾ ਉਹ ਸੰਗਮ ਜਿਸ ਥਾਂ ਤੇ ਗੰਗਾ, ਯਮੁਨਾ ਅਤੇ ਸਰਸਵਤੀ ਦਾ ਮੇਲ ਹੁੰਦਾ ਹੈ, ਉਸ ਥਾਂ ਤੇ ਉਸ ਸਮੇਂ ਦੇ ਮੁਗਲ ਬਾਦਸ਼ਾਹਾਂ ਵੱਲੋਂ ਆਪਣੀ ਰਹਾਇਸ ਲਈ ਉਸਾਰੇ ਗਏ ਵੱਡ ਅਕਾਰੀ ਕਿਲ੍ਹਾ ਜਿਸ ਨੂੰ ਅੰਗਰੇਜ਼ੀ ਹਕੂਮਤ ਸਮੇਂ ਰਾਜਸੀ ਕੈਦੀਆਂ ਲਈ ਜੇਲ੍ਹਖਾਨਾ ਬਣਾ ਦਿੱਤਾ ਗਿਆ ਸੀ। ਇਸ ਇਲਾਹਾਬਾਦ ਦੇ ਕਿਲ੍ਹੇ ਦਾ ਵੀ ਨਾਮਧਾਰੀ ਪੰਥ ਨਾਲ ਬਹੁਤ ਹੀ ਨੇੜਤਾ ਭਰਿਆ ਰਿਸ਼ਤਾ ਹੈ ਕਿਉਂਕਿ ਨਾਮਧਾਰੀ ਪੰਥ ਦੇ ਬਾਨੀ ਅਤੇ ਜੁਗ ਪਲਟਾਊ ਰਹਿਬਰ ਅਤੇ ਜੰਗੇ ਆਜ਼ਾਦੀ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਥਾਪਿਤ ਕੀਤੇ ਸੂਬਿਆਂ ਨੂੰ ਇਸ ਕਿਲ੍ਹੇ ਵਿੱਚ ਰਾਜਸੀ ਕੈਦੀ ਵਜੋਂ ਬੰਦੀ ਬਣਾ ਕੇ ਰੱਖਿਆ ਗਿਆ ਸੀ। ਇਹਨਾਂ ਸਾਰੀਆਂ ਥਾਵਾਂ ਦੀ ਯਾਤਰਾ ਕਰਨ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਉਲੀਕੇ ਪ੍ਰੋਗਰਾਮ ਦੇ ਮੁਤਾਬਕ ਰਾਤ ਲਖਨਊ ਸ. ਚਰਨਜੀਤ ਸਿੰਘ ਦੇ ਗ੍ਰਹਿ ਵਿਖੇ ਵਿਸ਼ਰਾਮ ਕਰਨ ਤੇ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਪ੍ਰਸ਼ਾਦ ਪਾਣੀ ਛੱਕ ਕੇ ਮਿਤੀ 21 ਜਨਵਰੀ 2025 ਈ. ਦਿਨ ਸ਼ੁਕਰਵਾਰ ਨੂੰ ਲਖਨਊ ਤੋਂ ਚੱਲ ਕੇ ਪਰਿਆਗਰਾਜ ਇਲਾਹਾਬਾਦ ਵਿਖੇ ਦਰਸ਼ਨ ਦਿੱਤੇ। ਜਿਸ ਜਗ੍ਹਾ ਤੇ ਡੇਰਾ ਕੀਤਾ ਗਿਆ ਸੀ, ਉਸ ਥਾਂ ਤੇ ਸਮਾਨ ਆਦਿ ਰੱਖਣ ਉਪਰੰਤ ਗੰਗਾ ਕਿਨਾਰੇ ਆਰਜੀ ਤੌਰ ਤੇ ਸਥਾਪਿਤ ਵੱਖ-ਵੱਖ ਉਦਾਸੀ ਨਿਰਮਲੇ ਅਤੇ ਹੋਰ ਸੰਪਰਦਾਵਾਂ ਦੇ ਆਪੋ-ਆਪਣੇ ਪੰਡਾਲ ਲੱਗੇ ਹੋਏ ਸਨ। ਆਪਣੇ ਡੇਰੇ ਕੁਝ ਸਮਾਂ ਰੁਕਣ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਸਹਿਤ ਵਿਸ਼ਵ ਹਿੰਦੂ ਪਰਿਸ਼ਦ ਦੀ ਬੈਠਕ ਵਿੱਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਿਸ ਵਿੱਚ ਵੱਖ-ਵੱਖ ਡੇਰਿਆਂ ਮੱਠਾਂ ਅਤੇ ਅਖਾੜਿਆਂ ਨਾਲ ਸੰਬੰਧਿਤ ਵੱਡੇ ਆਗੂ ਹਾਜਰ ਸਨ। ਸ੍ਰੀ ਸਤਿਗੁਰੂ ਜੀ ਨੇ ਇਸ ਸਮੇਂ ਜੋ ਉਪਦੇਸ਼ ਦੀ ਕਿਰਪਾ ਕੀਤੀ ਉਸ ਵਿੱਚ ਹਿੰਦੂ ਧਰਮ ਦੀ ਰੱਖਿਆ ਲਈ ਸ਼ਹਾਦਤ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਨੌਵੀਂ ਜੋਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਧੰਨ ਆਖਿਆ। ਬਾਕੀ ਧਾਰਮਿਕ ਆਗੂ ਵੱਖ-ਵੱਖ ਵਿਸ਼ਿਆਂ ਤੇ ਵੀ ਗੱਲ ਕਰ ਰਹੇ ਸਨ। ਪ੍ਰਸ਼ਾਸਨ ਨੇ ਸਰਕਾਰੀ ਅਧਿਕਾਰੀਆਂ ਵੱਲੋਂ ਸਾਰੇ ਇਲਾਕੇ ਨੂੰ ਵੱਖ-ਵੱਖ ਸੈਕਟਰਾਂ ਵਿੱਚ ਵੰਡਿਆ ਹੋਇਆ ਸੀ। ਸੈਕਟਰ 18 ਦੇ ਸ਼ੰਕਰਾਚਾਰੀਆ ਮਾਰਗ ਤੇ ਬਾਬਾ ਪ੍ਰਦੀਪ ਸਿੰਘ ਬੱਧਨੀ ਵਾਲਿਆਂ ਦਾ ਲੰਗਰ ਸੀ। ਸ੍ਰੀ ਸਤਿਗੁਰੂ ਜੀ ਨੇ ਇਸ ਸਥਾਨ ਤੇ ਦਰਸ਼ਨ ਦਿੱਤੇ ਤਾਂ ਬਾਬਾ ਪ੍ਰਦੀਪ ਸਿੰਘ ਜੀ ਵੱਲੋਂ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਭਰਪੂਰ ਸਵਾਗਤ ਕੀਤਾ। ਇਸ ਸਮੇਂ ਮਾਤਾ ਗੁਰਸ਼ਰਨ ਕੌਰ ਜੀ ਵੀ ਨਾਲ ਸਨ। ਸ੍ਰੀ ਸਤਿਗੁਰੂ ਜੀ ਨੇ ਸਾਰੇ ਲੰਗਰ ਅਸਥਾਨ ਦਾ ਭਰਮਣ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਸੇਵਾਦਾਰਾਂ ਨੇ ਉਚੇਚਾ ਯਤਨ ਕਰਕੇ ਦੇਸੀ ਘਿਓ ਦੇ ਵੱਡੇ ਲੱਡੂ ਕੁਇੰਟਲਾਂ ਦੇ ਹਿਸਾਬ ਨਾਲ ਤਿਆਰ ਕਰਕੇ ਟਰੱਕ ਭਰਿਆ ਹੋਇਆ ਸੀ, ਜੋ ਇਸ ਥਾਂ ਤੇ ਲੱਡੂਆਂ ਦਾ ਪ੍ਰਸ਼ਾਦ ਵਰਤਾਇਆ ਗਿਆ। ਵਿਸ਼ਵ ਹਿੰਦੂ ਪਰਿਸ਼ਦ ਦੀ ਬੈਠਕ ਸਮੇਂ ਵੀ ਲੱਡੂਆਂ ਦੇ ਖੁੱਲੇ ਗੱਫੇ ਵਰਤਾਏ ਗਏ। ਸ੍ਰੀ ਸਤਿਗੁਰੂ ਜੀ ਨੇ ਇਲਾਹਾਬਾਦ ਵਿਖੇ ਸ. ਗੁਲਜਾਰ ਸਿੰਘ ਪੁੱਤਰ ਸੁਖਦੇਵ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ।

ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਮਹਾ ਮੰਡਲੇਸ਼ਵਰ ਸੁਆਮੀ ਪ੍ਰਨਵੈ ਚੈਤੰਨਪੁਰੀ ਜੀ ਜੋ ਕਿ ਪ੍ਰਾਮਰਥ ਸਾਧਕ ਸੰਗ ਦੇ ਮੁਖੀ ਹਨ ਅਤੇ ਨਾਮਧਾਰੀ ਪੰਥ ਦੇ ਪ੍ਰਸਿੱਧ ਪ੍ਰਚਾਰਕ ਪੰਡਿਤ ਯਾਦਵਿੰਦਰ ਸਿੰਘ ਦੇ ਵਿਦਿਆ ਗੁਰੂ ਹਨ। ਉਹਨਾਂ ਦੇ ਸਥਾਨ ਤੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਤਾਂ ਸ੍ਰੀ ਸਤਿਗੁਰੂ ਜੀ ਦਾ ਸੰਸਥਾ ਵੱਲੋਂ ਫੁੱਲ ਮਾਲਾਵਾਂ ਪਾ ਕੇ ਸਵਾਗਤ ਕੀਤਾ ਗਿਆ। ਆਰੰਭ ਵਿੱਚ ਪੰਡਿਤ ਯਾਦਵਿੰਦਰ ਸਿੰਘ ਨੇ ਨਾਮਧਾਰੀ ਪੰਥ ਬਾਰੇ ਮੁਢਲੀ ਜਾਣਕਾਰੀ ਦਿੱਤੀ ਤਾਂ ਬਾਅਦ ਵਿੱਚ ਸੁਆਮੀ ਅਭਿਸ਼ੇਸ਼ ਚਿੰਤਨਪੁਰੀ ਜੀ ਮਹਾਂ ਮੰਡਲੇਸ਼ਵਰ ਜੀ ਨੇ ਆਪਣੇ ਸ਼ਬਦਾਂ ਦੁਆਰਾ ਸੰਬੋਧਨ

ਕੀਤਾ। ਮਹਾਂਮੰਡਲੇਸ਼ਵਰ ਸੁਆਮੀ ਪ੍ਰਨਵੈ ਚੈਤੰਨਪੁਰੀ ਜੀ ਨੇ ਆਪਣੇ ਪ੍ਰਵਚਨਾਂ ਵਿੱਚ ਸ੍ਰੀ ਸਤਿਗੁਰੂ ਜੀ ਅਤੇ ਨਾਮਧਾਰੀ ਸਮਾਜ ਦੀ ਭਰਪੂਰ ਪ੍ਰਸੰਸਾ ਕੀਤੀ ਹੈ ਤੇ ਆਪਣੀ ਭੈਣੀ ਸਾਹਿਬ ਯਾਤਰਾ ਦਾ ਵੀ ਜ਼ਿਕਰ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਪੰਗਤੀ ਦਾ ਜ਼ਿਕਰ ਕੀਤਾ ਕਿ "ਸੁਖ ਦੁਖ ਜਿਹ ਪਰਸੈ ਨਹੀ ਲੋਭ ਮੋਹ ਅਭਿਮਾਨ ਕਹੁ ਨਾਨਕ ਸੁਨ ਰੇ ਮਨ ਸੋ ਮੂਰਤਿ ਭਗਵਾਨ" ਜੇ ਇਨਸਾਨ ਇਹਨਾਂ ਤੋਂ ਰਹਿਤ ਹੋ ਜਾਂਦਾ ਹੈ ਅਸੀਂ ਉਸ ਨੂੰ ਭਗਵਾਨ ਦੀ ਮੂਰਤ ਆਖਦੇ ਹਾਂ। ਸੁਆਮੀ ਜੀ ਨੇ ਆਪਣੇ ਪ੍ਰਵਚਨਾਂ ਵਿੱਚ ਦੱਸਿਆ ਕਿ ਜੋ ਚੀਜ਼ਾਂ ਸਾਡੇ ਨਾਲ ਨਹੀਂ ਜਾਣੀਆਂ ਸਾਡਾ ਸਾਰਾ ਧਿਆਨ ਉਹਨਾਂ ਵਿੱਚ ਹੀ ਲੱਗਾ ਰਹਿੰਦਾ ਹੈ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਰਾਤ ਡੇਰੇ ਆਣ ਵਿਸ਼ਰਾਮ ਕੀਤਾ।

ਮਿਤੀ 25 ਜਨਵਰੀ 2025 ਦਿਨ ਸ਼ਨੀਵਾਰ ਅੱਜ ਦਾ ਮੁੱਖ ਸਮਾਗਮ ਨਿਰਮਲ ਪੰਚਾਇਤੀ ਅਖਾੜਾ ਦੇ ਮੁਖੀ ਮਹਾ ਮੰਡਲੇਸ਼ਵਰ ਸੁਆਮੀ ਮਹੰਤ ਗਿਆਨ ਦੇਵ ਸਿੰਘ ਦੇ ਸਥਾਨ ਤੇ ਅਸੀਂ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਚੱਲ ਕੇ ਉਸ ਸਥਾਨ ਤੇ ਦਰਸ਼ਨ ਦਿੱਤੇ। ਜਿੱਥੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸਰਪ੍ਰਸਤੀ ਹੇਠ ਇੱਕ ਵਿਸ਼ਾਲ ਸਰਬ ਧਰਮ ਸੰਮੇਲਨ ਕੀਤਾ ਜਾਣਾ ਸੀ। ਨਿਰਮਲ ਪੰਚਾਇਤੀ ਦੇ ਮੁਖੀ ਮਹਾਮੰਡਲੇਸ਼ਵਰ ਸੁਆਮੀ ਮਹੰਤ ਗਿਆਨ ਦੇਵ ਸਿੰਘ ਜੀ ਇਸ ਜਿਸ ਦੀ ਅਗਵਾਈ ਕਰ ਰਹੇ ਸਨ। ਨਾਮਧਾਰੀ ਪੰਥ ਵੱਲੋਂ ਸਾਡੇ ਵਿਦਵਾਨ ਅਤੇ ਗੁਣੀ ਸੱਜਣਾਂ ਸਮੇਂ ਆਏ ਹੋਏ ਵੱਖ-ਵੱਖ ਸੰਪਰਦਾਵਾਂ ਦੇ ਸਾਧੂਆਂ ਨੂੰ ਬ੍ਰਹਮ ਭੋਗ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਮੰਚ ਤੇ ਵੱਖ-ਵੱਖ ਸੰਪਰਦਾਵਾਂ ਅਤੇ ਵੱਖ-ਵੱਖ ਭੇਖਾਂ ਦੇ ਸਾਧੂ ਬਿਰਾਜਮਾਨ ਸਨ। ਮੰਚ ਤੇ ਪਵਿੱਤਰ ਗੁਰਬਾਣੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਇੱਕ ਸਾਧੂ ਤਾਬਿਆ ਤੇ ਬੈਠਾ ਹੋਇਆ ਸੀ। ਸਾਰੇ ਪ੍ਰੋਗਰਾਮ ਦਾ ਮੰਚ ਸੰਚਾਲਣ ਪੰਡਿਤ ਯਾਦਵਿੰਦਰ ਸਿੰਘ ਅਤੇ ਨਿਰਮਲ ਪੰਚਾਇਤੀ ਅਖਾੜੇ ਦੇ ਪ੍ਰਬੰਧਕ ਜਸਵਿੰਦਰ ਸਿੰਘ ਨੇ ਕੀਤਾ।

ਇਸ ਇਤਿਹਾਸਿਕ ਸਰਬ ਧਰਮ ਸੰਮੇਲਨ ਵਿੱਚ ਵੱਖ-ਵੱਖ ਸੰਪਰਦਾਵਾਂ ਦੇ ਸਾਧੂ-ਸੰਤਾਂ ਨੇ ਹਾਜ਼ਰੀ ਭਰੀ ਜਿਨ੍ਹਾਂ ਵਿੱਚ ਸ੍ਰੀ 108 ਸ੍ਰੀ ਸੁਆਮੀ ਯੁਗਪੁਰਸ਼ ਪਰਮਾਨੰਦ ਗਿਰੀ ਜੀ ਮਹਾਰਾਜ, ਮਹਾਂ ਮੰਡਲੇਸ਼ਵਰ ਸੁਆਮੀ ਵਾਮਦੇਵ ਯੋਗਪੀਰ, ਸੁਆਮੀ ਅਨੰਤਦੇਵ ਗਿਰੀ ਜੀ ਮਹਾਰਾਜ, ਸੁਆਮੀ ਸ੍ਰੀ ਜਨਾਰਦਨ ਹਰ ਸਿਮ ਜੀ ਮਹਾਰਾਜ, ਸੁਆਮੀ ਧਿਆਨ ਹਰ ਗਿਰੀ ਜੀ ਮਹਾਰਾਜ, ਸੁਆਮੀ ਰਾਜਿੰਦਰ ਪ੍ਰਸਾਦ ਦੇਵਾ ਦਰੀਆ ਅਤੇ ਨਿਹੰਗ ਮੁਖੀ ਬਾਬਾ ਹਰਜੀਤ ਸਿੰਘ ਜੀ ਸਮੇਤ ਹੋਰ ਅਨੇਕਾਂ ਵਿਦਵਾਨਾਂ ਨੇ ਹਾਜ਼ਰੀ ਭਰੀ। ਸ੍ਰੀ ਸਤਿਗੁਰੂ ਦੇ ਸਿੰਘ ਜੀ ਦੀ ਸਰਪ੍ਰਸਤੀ ਅਤੇ ਮਹਾ ਮੰਡਲੇਸ਼ਵਰ ਸੁਆਮੀ ਮਹੰਤ ਗਿਆਨ ਦੇਵ ਸਿੰਘ ਜੀ ਦੀ ਅਗਵਾਈ ਵਿੱਚ ਕੀਤਾ ਗਿਆ। ਇਹ ਇਤਿਹਾਸਿਕ ਕਾਰਜ ਯਾਦਗਾਰੀ ਬਣ ਗਿਆ। ਇਲਾਹਾਬਾਦ ਮਹਾਂ ਕੁੰਭ ਮੇਲੇ ਦੀ ਇਸ ਇਤਿਹਾਸਿਕ ਯਾਤਰਾ ਸਮੇਂ ਸ੍ਰੀ ਸਤਿਗੁਰੂ ਜੀ ਨੇ ਸੁਆਮੀ ਅਵਿਦੇਸਾਨੰਦ ਗਿਰੀ ਜੀ ਮਹਾਰਾਜ ਦੇ ਸਥਾਨ ਤੇ ਵੀ ਦਰਸ਼ਨ ਦੇਣ ਦੀ ਕਿਰਪਾ ਕੀਤੀ ਤਾਂ ਸੁਆਮੀ ਅਵਿਦੇਸਾਨੰਦ ਗਿਰੀ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਦਰਸ਼ਨ ਦੇਣ ਅਤੇ ਚਰਨ ਪਾਉਣ ਲਈ ਉਚੇਚਾ ਧੰਨਵਾਦ ਕੀਤਾ ਅਤੇ ਆਪ ਸ੍ਰੀ ਭੈਣੀ ਸਾਹਿਬ ਆਉਣ ਦਾ ਇਕਰਾਰ ਵੀ ਕੀਤਾ। ਇਸ ਤਰ੍ਹਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਲਾਹਾਬਾਦ ਦੇ ਇਸ ਇਤਿਹਾਸਿਕ ਮਹਾਕੁੰਭ ਮੇਲੇ ਤੇ ਵੱਖ-ਵੱਖ ਸੰਪਰਦਾਵਾਂ ਦੇ ਸਾਧੂ ਸੰਤਾਂ ਅਤੇ ਗੁਣੀਜਨ ਵਿਦਵਾਨ ਸੱਜਣਾਂ ਨਾਲ ਮੇਲ ਮਿਲਾਪ ਦੀ ਸਾਂਝ ਨੂੰ ਹੋਰ ਪੱਕਿਆਂ ਕਰਦੇ ਹੋਏ ਆਪਣੇ ਇਸੇ ਇਤਿਹਾਸਿਕ ਦੌਰੇ ਦੀ ਸਮਾਪਤੀ ਕਰਦੇ ਹੋਏ ਇਲਾਹਾਬਾਦ ਕਿਲ੍ਹੇ ਦਾ ਵੀ ਭਰਮਣ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਸ੍ਰੀ ਸਤਿਗੁਰੂ ਜੀ ਦੇ ਵੱਲੋਂ ਇਲਾਹਾਬਾਦ ਦੇ ਇਤਿਹਾਸਿਕ ਕਿਲਿਆਂ ਦਾ ਦੌਰਾ

ਉੱਤਰ ਪ੍ਰਦੇਸ਼ ਦੇ ਇਲਾਹਾਬਾਦ ਵਿਖੇ ਬਣੇ ਵੱਡ ਅਕਾਰੀ ਕਿਲ੍ਹੇ ਦਾ ਨਾਮ ਸਾਹਮਣੇ ਆਉਂਦਿਆਂ ਹੀ ਨਾਮਧਾਰੀ ਪੰਥ ਦੇ ਹਰ ਸਿੱਖ ਦੇ ਆਪਣੇ ਉਸ ਪ੍ਰਦੇਸੀ ਪ੍ਰੀਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਹਿਰਦੇ ਵਿੱਚ ਆਣ ਉਤਰਦੀ ਹੈ। ਮੁਗਲੀਆ ਹਕੂਮਤ ਵੇਲੇ ਜਿੱਥੇ ਗੰਗਾ, ਯਮੁਨਾ ਅਤੇ ਸਰਸਵਤੀ ਨਦੀਆਂ ਦਾ ਮੇਲ ਹੁੰਦਾ ਹੈ, ਉਸ ਕਿਨਾਰੇ ਤੇ ਉਸਾਰੇ ਗਏ ਇਸ ਕਿਲੇ ਨੂੰ ਬਰਤਾਨਵੀ ਹਕੂਮਤ ਵੱਲੋਂ ਰਾਜਸੀ ਕੈਦੀਆਂ ਲਈ ਜੇਲਖਾਨੇ ਦੇ ਰੂਪ ਵਿੱਚ ਵਰਤਿਆ ਗਿਆ। ਜੰਗੇ ਆਜ਼ਾਦੀ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਦੇ ਸਾਜੇ ਅਤੇ ਨਿਵਾਜ਼ੇ ਸੂਬਿਆਂ ਸਮੇਤ ਰਾਜਸੀ ਕੈਦੀਆਂ ਵਜੋਂ ਕੈਦ ਰੱਖਿਆ ਗਿਆ ਸੀ। ਇਸ ਕਿਲ੍ਹੇ ਨਾਲ

ਜੁੜੀਆਂ ਨਾਮਧਾਰੀ ਪੰਥ ਦੀਆਂ ਅਨੇਕਾਂ ਯਾਦਾਂ ਹਨ। 1950 ਈ. ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸ ਥਾਂ ਦਾ ਦੌਰਾ ਕੀਤਾ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦਾਂ ਨੂੰ ਤਰੋ ਤਾਜ਼ਾ ਕੀਤਾ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਸ ਤੋਂ ਪਹਿਲਾਂ ਜਨਵਰੀ 2017 ਈ. ਵਿੱਚ ਅਤੇ ਹੁਣ ਜਨਵਰੀ 2025 ਈ. ਵਿੱਚ ਇਸ ਸਥਾਨ ਤੇ ਚਰਨ ਪਾਉਣ ਦੀ ਕਿਰਪਾ ਕੀਤੀ।

ਮਿਤੀ 25 ਜਨਵਰੀ 2025 ਈ. ਦਿਨ ਸ਼ਨੀਵਾਰ ਨੂੰ ਮਹਾਂ ਕੁੰਭ ਮੇਲੇ ਦੇ ਦਰਸ਼ਨ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਉਸ ਇਲਾਹਾਬਾਦ ਦੇ ਇਤਿਹਾਸਿਕ ਕਿਲੇ ਵਿੱਚ ਦਰਸ਼ਨ ਦਿੱਤੇ। ਇਸ ਸਮੇਂ ਮੇਜਰ ਲਵਦੀਪ ਸਿੰਘ ਸਾਰੇ ਪ੍ਰੋਗਰਾਮ ਦੀ ਅਗਵਾਈ ਕਰ ਰਿਹਾ ਸੀ। ਮੇਜਰ ਲਵਦੀਪ ਸਿੰਘ ਨੇ ਉਸ ਸਥਾਨ ਦੀ ਨਿਸ਼ਾਨ ਦੇਹੀ ਕੀਤੀ, ਜਿੱਥੇ ਲਗਭਗ ਅੱਠ ਦਹਾਕੇ ਪਾਉਣੀ ਸਦੀ ਤੋਂ ਵੱਧ ਸਮਾਂ ਪਹਿਲਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਰਨ ਪਾਏ ਸਨ। ਮੇਜਰ ਲਵਦੀਪ ਸਿੰਘ ਆਪਣੀ ਸਰਕਾਰੀ ਡਿਊਟੀ ਸਮੇਂ ਉਚੇਚੇ ਪੂਨੇ ਤੋਂ ਅੱਜ ਇਸ ਕਾਰਜ ਲਈ ਇੱਥੇ ਪਹੁੰਚੇ ਸਨ। ਮੌਕੇ ਤੇ ਮੌਜੂਦ ਅਫ਼ਸਰ ਮੇਜਰ ਮਾਨ ਸਿੰਘ ਨੇ ਇਸ ਸਮੇਂ ਪੂਰਨ ਸਹਿਯੋਗ ਦਿੱਤਾ। ਜਿਸ ਜਗ੍ਹਾ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਇਸ ਕਿਲ੍ਹੇ ਵਿੱਚ ਰੱਖਿਆ ਗਿਆ ਸੀ, ਉਸ ਥਾਂ ਨੂੰ ਸਲੀਮ ਮਹਿਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਦੀ ਅਗਵਾਈ ਅਤੇ ਰਹਿਨੁਮਾਈ ਹੇਠ ਇਸ ਇਤਿਹਾਸਿਕ ਯਾਤਰਾ ਸਮੇਂ ਸਭਨਾਂ ਨੂੰ ਮਨ ਹੀ ਮਨ ਆਪਣੇ ਪ੍ਰਦੇਸੀ ਪ੍ਰੀਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਲਾਡਲੇ ਸੂਬੇ ਸਾਹਿਬਾਨਾਂ ਨੂੰ ਬੜੇ ਹੀ ਭਰੇ ਮਨ ਯਾਦ ਕਰਦਿਆਂ ਉਹਨਾਂ ਦੇ ਚਰਨਾਂ ਵਿੱਚ ਸਿਰ ਝੁਕਾਏ। ਇਹ ਕਿਲ੍ਹਾ ਜੋ ਕਿ ਅੱਜ ਭਾਰਤ ਸਰਕਾਰ ਵੱਲੋਂ ਮਿਲਟਰੀ ਦੇ ਪ੍ਰਬੰਧ ਹੇਠ ਹੈ ਹਰ ਇੱਕ ਨੂੰ ਇੱਥੇ ਇਸ ਤਰ੍ਹਾਂ ਜਾਣ ਦੀ ਮਨਾਹੀ ਹੈ। ਮੇਜਰ ਲਵਦੀਪ ਸਿੰਘ ਅਤੇ ਮੇਜਰ ਮਾਨ ਸਿੰਘ ਦੇ ਸਹਿਯੋਗ ਨਾਲ ਇਸ ਦਾ ਇਜਾਜ਼ਤ ਲੈ ਕੇ ਇਹ ਇਤਿਹਾਸਿਕ ਯਾਤਰਾ ਨੂੰ ਸੰਪੂਰਨ ਕੀਤਾ। ਇਸ ਯਾਤਰਾ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਸਭਨਾਂ ਦੇ ਮਨ ਵਿੱਚ ਤਰੋ ਸਜ਼ਾ ਬਣੀਆਂ ਰਹਿਣਗੀਆਂ। ਆਪਣੀ ਇਸ ਇਤਿਹਾਸਕ ਯਾਤਰਾ ਨੂੰ ਸਮਾਪਤ ਕਰਦੇ ਹੋਏ ਸ੍ਰੀ ਸਤਿਗੁਰੂ ਦੇ ਸਿੰਘ ਜੀ ਵਾਪਸੀ ਲਈ ਕਮਰ ਕੱਸੇ ਕੀਤੇ ਅਤੇ ਹਵਾਈ ਸਫਰ ਰਾਹੀਂ ਦਿੱਲੀ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਾਣੀਪਤ ਸ਼ਹਿਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬਸੰਤ ਮੇਲਾ

ਜੁਗ ਪਲਟਾਊ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵਾਸਤੇ ਮੇਲਿਆਂ ਦੇ ਰੂਪ ਸਿੰਘ ਵੱਖ-ਵੱਖ ਇਲਾਕਿਆਂ ਵਿੱਚ ਨਾਮਧਾਰੀ ਸਾਧ ਸੰਗਤ ਵੱਲੋਂ ਬਹੁਤ ਹੀ ਉਤਸਾਹ ਨਾਲ ਮਨਾਇਆ ਜਾ ਰਿਹਾ ਹੈ। ਕਰਨਾਲ ਅਤੇ ਪਾਣੀਪਤ ਹਰਿਆਣਾ ਦੇ ਇਲਾਕੇ ਦੇ ਸੂਬਾ ਅਮਰੀਕ ਸਿੰਘ ਦੀ ਅਗਵਾਈ ਵਿੱਚ ਸ੍ਰੀ ਸਤਿਗੁਰੂ ਜੀ ਕੀਤੀ ਗਈ ਅਰਜ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਮਿਤੀ 23 ਜਨਵਰੀ 2025 ਦਿਨ ਵੀਰਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਪਾਣੀਪਤ ਵਿਖੇ ਬਸੰਤ ਮੇਲੇ ਸਮੇਂ ਨਾਮਧਾਰੀ ਸੰਗਤ ਨੂੰ ਦਰਸ਼ਨ ਦੇ ਕੇ ਨਿਵਾਜਿਆ। ਤਕਰੀਬਨ 12:30 ਤੇ ਪਾਣੀਪਤ ਪਹੁੰਚ ਕੇ ਸ੍ਰੀ ਸਤਿਗੁਰੂ ਜੀ ਨੇ ਮਾਡਲ ਟਾਊਨ ਸ. ਗੁਰਮੀਤ ਸਿੰਘ ਪੁੱਤਰ ਸ. ਸਾਧਾ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ।

ਨਾਮਧਾਰੀ ਧਰਮਸ਼ਾਲਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਜਥੇਦਾਰ ਹਰਪ੍ਰੀਤ ਸਿੰਘ ਪਾਣੀਪਤ ਅਤੇ ਸੂਬਾ ਸੰਦੀਪ ਸਿੰਘ ਜੀ ਦੀਵਾਨ ਸਜਾ ਰਹੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜੋ ਪਰਉਪਕਾਰ ਸਮੁੱਚੀ ਮਾਨਵਤਾ ਲਈ ਕੀਤੇ ਉਹਨਾਂ ਨੂੰ ਯਾਦ ਕੀਤਾ ਜਾ ਰਿਹਾ ਸੀ। ਸੂਬਾ ਅਮਰੀਕ ਸਿੰਘ ਅਤੇ ਸ. ਗੁਲਜ਼ਾਰ ਸਿੰਘ ਗਿੱਲ ਪਾਣੀਪਤ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਦੇ ਸਹਿਯੋਗ ਨਾਲ ਇਸ ਬਸੰਤ ਮੇਲੇ ਸਮੇਂ ਸਾਧ ਸੰਗਤ ਦੀ ਭਰਪੂਰ ਹਾਜ਼ਰੀ ਸੀ। ਦੀਵਾਨ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਸਾਧ ਸੰਗਤ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਯਾਦ ਕਰਵਾਉਂਦੇ ਹੋਏ ਕਿਹਾ "ਲੜਕੇ-ਲੜਕੀ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ, ਗੁਰਬਾਣੀ ਨਾਲ ਜੁੜਨ" ਦਾ ਹੁਕਮ ਕੀਤਾ ਕਿ ਗੁਰਬਾਣੀ ਇੱਕ ਜੀਵਨ ਜਾਂਚ ਹੈ। ਪਾਣੀਪਤ ਤੋਂ ਪ੍ਰੋਗਰਾਮ ਦੀ ਸਮਾਪਤੀ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਿੱਖਾਂ ਸਮੇਤ ਲੰਬੇ ਸਫ਼ਰ ਨੂੰ ਤੈਅ ਕਰਦੇ ਹੋਏ ਲਖਨਊ ਵਿਖੇ ਸ. ਚਰਨਜੀਤ ਸਿੰਘ ਦੇ ਗ੍ਰਹਿ ਵਿਖੇ ਆਲਮ ਬਾਰਾਂ ਚੰਦਰ ਨਗਰ ਕਲੋਨੀ 13/1 ਇੱਕ ਵਿਖੇ ਰਾਤ ਆਣ ਵਿਸ਼ਰਾਮ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਪਿੰਡ ਰਿਆੜ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮੇਲਾ

ਦੇਸ਼-ਵਿਦੇਸ਼ ਦੇ ਵੱਖ-ਵੱਖ ਇਲਾਕਿਆਂ ਵਿੱਚ ਯੁੱਗ ਪਲਟਾਊ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਮੇਲੇ ਅਤੇ ਸਮਾਗਮ ਮਨਾਏ ਜਾ ਰਹੇ ਹਨ। ਇਸ ਮਨੋਰਥ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਅੰਮ੍ਰਿਤਸਰ ਦੀ ਸਾਧ ਸੰਗਤ ਵੱਲੋਂ ਇਲਾਕੇ ਦਾ ਬਸੰਤ ਮੇਲਾ ਪਿੰਡ ਰਿਆੜ ਤਹਿਸੀਲ ਅਜਨਾਲਾ ਵਿਖੇ ਕਰਨ ਦਾ ਪ੍ਰੋਗ੍ਰਾਮ ਉਲੀਕਿਆ ਗਿਆ। ਮਿਤੀ 22 ਜਨਵਰੀ 2025 ਈ. ਦਿਨ ਬੁੱਧਵਾਰ ਸਵੇਰੇ ਸ਼੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਜਲੰਧਰ, ਬਿਆਸ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਸ. ਰਾਜਿੰਦਰ ਸਿੰਘ ਭੰਗਵਾਂ ਵਾਲੇ ਦੇ ਗ੍ਰਹਿ ਵਿਖੇ ਅੰਮ੍ਰਿਤਸਰ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇ ਕੇ ਪਰਿਵਾਰ ਨੂੰ ਨਿਵਾਜਿਆ। ਅਖੰਡ ਪਾਠ ਦੇ ਭੋਗ ਬਾਅਦ ਸ੍ਰੀ ਸਤਿਗੁਰੂ ਜੀ ਨੇ ਪਿੰਡ ਰਿਆੜ ਵਿਖੇ ਸਤਨਾਮ ਸਿੰਘ ਪੁੱਤਰ ਗੁਰਪਾਲ ਸਿੰਘ, ਬਲਕਾਰ ਸਿੰਘ ਪੁੱਤਰ ਜੋਗਾ ਸਿੰਘ, ਜਗਤਾਰ ਸਿੰਘ ਪੁੱਤਰ ਜੋਗਾ ਸਿੰਘ, ਪਰਮਜੀਤ ਸਿੰਘ, ਹਰਪ੍ਰੀਤ ਸਿੰਘ ਪੁੱਤਰ ਸ. ਇਕਬਾਲ ਸਿੰਘ ਘਰਾਂ ਵਿੱਚ ਚਰਨ ਪਾਉਣ ਉਪਰੰਤ ਪਿੰਡ ਹੋਠੀਆਂ ਵਿਖੇ ਯੋਗਿੰਦਰ ਸਿੰਘ ਪੁੱਤਰ ਅਜੀਤ ਸਿੰਘ, ਬਚਿੱਤਰ ਸਿੰਘ ਪੁੱਤਰ ਗੁਰਪਾਲ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਏ। ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿੱਚ ਦਰਸ਼ਨ ਦੇਣ ਸਮੇਂ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਦੀਵਾਨ ਸਜਾ ਰਹੇ ਸਨ। ਦੀਵਾਨ ਸਮਾਪਤੀ ਉਪਰੰਤ ਸ. ਕੁਲਦੀਪ ਸਿੰਘ ਧਾਲੀਵਾਲ ਕੈਬਨਟ ਮੰਤਰੀ ਪੰਜਾਬ ਸਰਕਾਰ ਜੋ ਕਿ ਇਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਹਾਜ਼ਰੀ ਭਰ ਲਈ ਪਹੁੰਚੇ ਸਨ ਨੇ ਸੰਗਤ ਨੂੰ ਸੰਬੋਧਨ ਕੀਤਾ ਤੇ ਨਾਮਧਾਰੀਆਂ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿੱਚ ਦੇਸ਼ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਮੰਤਰੀ ਜੀ ਨੇ ਉਹਨਾਂ ਦੇ ਇਲਾਕੇ ਵਿੱਚ ਦਰਸ਼ਨ ਦੇਣ ਤੇ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਵੀ ਕੀਤਾ।

ਇਸ ਸਮਾਗਮ ਵਿੱਚ ਜਥੇਦਾਰ ਕੁਲਦੀਪ ਸਿੰਘ ਦਾਤੇਵਾਲ, ਸੁਰਿੰਦਰ ਸਿੰਘ ਕੱਕੜ, ਸੁਰਜੀਤ ਸਿੰਘ ਮੁਸਤਫਾਪੁਰ, ਸੁਖਵੰਤ ਸਿੰਘ ਮੁਹਾਬਾ, ਸੂਬਾ ਬਲਵਿੰਦਰ ਸਿੰਘ ਚੱਕਯਾਕੂਬ, ਜਥੇਦਾਰ ਵੀਰ ਸਿੰਘ, ਸਤਨਾਮ ਸਿੰਘ ਖਿਆਲਾ, ਜਸਵੀਰ ਸਿੰਘ ਖਿਆਲਾ, ਗੁਰਚਰਨ ਸਿੰਘ ਚੰਨ ਮੁਹਾਵਾ, ਸੂਬਾ ਅਜੀਤ ਸਿੰਘ ਬਟਾਲਾ ਅਤੇ ਹਜ਼ੂਰੀ ਰਾਗੀ ਹਰਬੰਸ ਸਿੰਘ ਜੀ ਘੁੱਲਾ, ਸਤਨਾਮ ਸਿੰਘ, ਅਜੇਪਾਲ ਸਿੰਘ ਅਤੇ ਸੰਤਾ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ। ਸ੍ਰੀ ਹਰਪ੍ਰਤਾਪ ਸਿੰਘ ਅਜਨਾਲਾ, ਬਾਬਾ ਗੁਰਦੀਪ ਸਿੰਘ ਤਿਆਗੀ ਮੱਤੇ ਨੰਗਲ ਉਚੇਚੇ ਤੌਰ ਤੇ ਪਹੁੰਚੇ। ਅਜਨਾਲਾ ਵਿਖੇ ਸ. ਸੁਖਚੈਨ ਸਿੰਘ ਪੁੱਤਰ ਸਤਨਾਮ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਪਿੰਡ ਘੁਟਾਲਾ ਗੁਜਰਾਂ ਵਿਖੇ ਸ. ਜੋਗਿੰਦਰ ਸਿੰਘ ਪੁੱਤਰ ਲੱਖਾ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਅੰਮ੍ਰਿਤਸਰ ਦੇ ਇਲਾਕਾ ਦੇ ਬਸੰਤ ਮੇਲੇ ਦੀ ਸੇਵਾ ਪਰਮਜੀਤ ਸਿੰਘ, ਹਰਪ੍ਰੀਤ ਸਿੰਘ ਪੁੱਤਰ ਸ. ਇਕਬਾਲ ਸਿੰਘ ਦੇ ਸਮੁੱਚੇ ਪਰਿਵਾਰ ਵੱਲੋਂ ਕਰਵਾਈ ਗਈ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਸੂਬਾ ਅਮਰੀਕ ਸਿੰਘ ਅੰਮ੍ਰਿਤਸਰ, ਸੂਬਾ ਸ਼ਾਮ ਸਿੰਘ ਤਰਨ ਤਾਰਨ ਅਤੇ ਪ੍ਰਧਾਨ ਗੁਰਭੇਜ ਸਿੰਘ ਦੀ ਅਗਵਾਈ ਵਿੱਚ ਸਾਧ ਸੰਗਤ ਨੇ ਤਨ-ਮਨ ਨਾਲ ਸੇਵਾ ਨਿਭਾਈ। ਸ੍ਰੀ ਸਤਿਗੁਰੂ ਜੀ ਨੇ ਸ਼ਾਮ ਤੱਕ ਵਾਪਸ ਸ੍ਰੀ ਭੈਣੀ ਸਾਹਿਬ ਆਣ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਪਿੰਡ ਬੁੱਟਰ ਸ਼ਰੀਹ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਮੇਲਾ ਮਾਘੀ

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜ਼ਿਲ੍ਹਾ ਮੁਕਤਸਰ ਦੇ ਸੂਬਾ ਸਰਬਜੀਤ ਸਿੰਘ ਮਲੋਟ ਵੱਲੋਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਬੇਨਤੀ ਕਰਨ ਤੇ ਸਿੱਖ ਇਤਿਹਾਸ ਨਾਲ ਸਬੰਧਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭਾਈ ਮਹਾਂ ਸਿੰਘ ਅਤੇ ਸਿੰਘਾਂ ਨੂੰ ਮੁਕਤੀ ਦਾ ਵਰਦਾਨ ਦੇਣ ਦੀ ਕੀਤੀ ਬਖਸ਼ਿਸ਼ ਨੂੰ ਯਾਦ ਕਰਦਿਆਂ ਮੁਕਤਸਰ ਦੀ ਧਰਤੀ ਤੇ ਇਸ ਦਿਹਾੜੇ ਨੂੰ ਮਨਾਉਣ ਲਈ ਅਤੇ ਯਾਦ ਕਰਨ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਯਾਦਗਾਰੀ ਸਮਾਗਮ ਮੇਲੇ ਦੇ ਰੂਪ ਵਿਚ ਕੀਤਾ ਗਿਆ।

ਮਿਤੀ 14 ਜਨਵਰੀ 2025 ਦਿਨ ਮੰਗਲਵਾਰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਅਤੇ ਬਸੰਤ ਦੀ ਵਾਰ

ਗਾਇਨ ਕਰਨ ਉਪਰੰਤ ਬਠਿੰਡਾ ਸ਼ਰੀਹ ਤੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਸੇਵਕਾਂ ਸਹਿਤ ਜ਼ਿਲ੍ਹਾ ਮੁਕਤਸਰ ਦੇ ਪਿੰਡ ਬੁੱਟਰ ਸ਼ਰੀਹ ਵਿਖੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਸੂਬਾ ਸਰਬਜੀਤ ਸਿੰਘ ਮਲੋਟ ਦੀ ਅਗਵਾਈ ਵਿੱਚ ਪਿੰਡ ਬੁੱਟਰ ਸਰੀਹ ਦੇ ਮਾਸਟਰ ਗੁਰਬਚਨ ਸਿੰਘ, ਮੇਹਰ ਸਿੰਘ, ਸੁਖਦੇਵ ਸਿੰਘ, ਬਲਜੀਤ ਸਿੰਘ ਪੁੱਤਰ ਸ. ਨੰਦ ਸਿੰਘ ਨੇ ਸਮੁੱਚੇ ਪਰਿਵਾਰ ਵਲੋਂ ਮੇਲਾ ਕਰਵਾਇਆ ਗਿਆ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਮਾਲਵੇ ਕਵੀਸ਼ਰ ਜਥਾ ਸ. ਨਰਿੰਦਰਪਾਲ ਸਿੰਘ ਸਾਥੀ ਮਨਜੀਤ ਸਿੰਘ ਤੇ ਬੂਟਾ ਸਿੰਘ ਪਿੰਡ ਅਬੁਲੂ ਖੁਰਾਨਾ ਕਵੀਸ਼ਰੀ ਪ੍ਰਸੰਗ ਪੇਸ਼ ਕਰ ਰਹੇ ਸਨ।

ਸਮਾਪਤੀ ਉਪਰੰਤ ਜਥੇ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਆਪਣੇ ਜਥੇ ਸਮੇਤ ਢੋਲਕੀ ਛੈਣਿਆਂ ਨਾਲ ਨਾਮਧਾਰੀ ਸ਼ੈਲੀ ਵਿੱਚ ਦੀਵਾਨ ਸਜਾਇਆ ਅਤੇ ਮੁਕਤਸਰ ਦੇ 40 ਮੁਕਤਿਆਂ ਦੇ ਪ੍ਰਸੰਗ ਨੂੰ ਬੜੇ ਹੀ ਵਿਸਥਾਰ ਨਾਲ ਸੰਗਤ ਸਾਹਵੇ ਪੇਸ਼ ਕੀਤਾ। ਦੀਵਾਨ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਸੰਗਤ ਨੂੰ ਗੁਰਸਿੱਖੀ ਨਾਲ ਜੁੜ ਕੇ ਗੁਰਬਾਣੀ ਅਨੁਸਾਰ ਜੀਵਨ ਜਿਊਣ ਦਾ ਹੁਕਮ ਕੀਤਾ। ਸੂਬਾ ਸਰਬਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਮਾਤਾ ਜੀ ਅਤੇ ਆਈ ਸੰਗਤ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਤੋਖ ਸਿੰਘ, ਪੁਰਦਮਨ ਸਿੰਘ ਪੁੱਤਰ ਜੰਗੀਰ ਸਿੰਘ। ਹਰਦੀਪ ਸਿੰਘ ਪੁੱਤਰ ਮੇਜਰ ਸਿੰਘ, ਨਾਇਬ ਸਿੰਘ ਪੁੱਤਰ ਸੁਰਜੀਤ ਸਿੰਘ, ਅੰਗਰੇਜ ਸਿੰਘ ਪੁੱਤਰ ਸੁਰਜੀਤ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਪਿੰਡ ਤਿਓਣਾ ਪੁਜਾਰੀਆਂ ਵਿਖੇ ਸਿੰਦਰਪਾਲ ਸਿੰਘ, ਬਲਜਿੰਦਰ ਸਿੰਘ ਪੁੱਤਰ ਚੰਨਣ ਸਿੰਘ ਘਰ ਦਰਸ਼ਨ ਦਿੱਤੇ ਤਾਂ ਪਰਿਵਾਰ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 30 ਸਾਲ ਪਹਿਲਾਂ ਅੱਜ ਦੇ ਦਿਨ ਚਰਨ ਪਾਉਣ ਦੀ ਕਿਰਪਾ ਕੀਤੀ ਸੀ ਅੱਜ ਆਪ ਜੀ 30 ਸਾਲ ਬਾਅਦ ਕਿਰਪਾ ਕੀਤਾ ਹੈ। ਇਥੋਂ ਚੱਲ ਕੇ ਰਾਮਪੁਰਾਫੂਲ ਵਿਖੇ ਸ. ਮਨਪ੍ਰੀਤ ਸਿੰਘ ਦੀ ਫੈਕਟਰੀ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਅਤੇ ਪਰਿਵਾਰ ਨੂੰ ਖੁਸ਼ੀਆਂ ਬਖਸ਼ੀਆਂ। ਏਥੋ ਹੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਪੰਜਾਬ ਦੇ ਸ਼ਹਿਰ ਬਠਿੰਡਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਮਾਲਵੇ ਦੇ ਮਸ਼ਹੂਰ ਸ਼ਹਿਰ ਬਠਿੰਡਾ ਵਿਖੇ ਇਲਾਕੇ ਦੀ ਸਾਧ ਸੰਗਤ ਅਤੇ ਸੂਬਾ ਇੰਦਰਜੀਤ ਸਿੰਘ ਮੱਲ ਅਤੇ ਸੂਬਾ ਬਲਬੀਰ ਸਿੰਘ ਢਿਲਵਾਂ ਵੱਲੋਂ ਅਰਜ਼ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 13 ਜਨਵਰੀ 2025 ਦਿਨ ਸੋਮਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਰਾਏਕੋਟ, ਬਰਨਾਲਾ ਹੁੰਦੇ ਹੋਏ ਬਠਿੰਡਾ ਸ਼ਹਿਰ ਦੇ ਮੰਨਤ ਕਲੋਨੀ ਵਿਖੇ ਸੂਬਾ ਇੰਦਰਜੀਤ ਸਿੰਘ ਮੱਲ ਭਗਤੇ ਵਾਲਿਆਂ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ। ਸੰਗਤ ਪੰਡਾਲ ਵਿੱਚ ਹਾਜ਼ਰ ਸੀ ਸਟੇਜ ਤੇ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲੇ ਦੀਵਾਨ ਸਜਾ ਰਹੇ ਸਨ। ਪਰਿਵਾਰ ਵੱਲੋਂ ਫੁੱਲ-ਮਾਲਵਾਂ ਭੇਟ ਕਰਕੇ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਦਾ ਸੁਆਗਤ ਕੀਤਾ ਗਿਆ। ਮੁਕਤਸਰ ਦੇ ਸੂਬਾ ਸਰਬਜੀਤ ਸਿੰਘ ਮਲੋਟ ਅਤੇ ਸੂਬਾ ਬਲਬੀਰ ਸਿੰਘ ਸਮੇਤ ਸੂਬਾ ਬਲਜੀਤ ਸਿੰਘ ਮਾਨਸਾ ਵੀ ਹਾਜ਼ਰ ਸਨ। ਸ੍ਰੀ ਸਤਿਗੁਰੂ ਜੀ ਆਸਣ ਤੇ ਸੁਭਾਇਮਾਨ ਹੋਏ ਤਾਂ ਸਾਧ ਸੰਗਤ ਨੇ ਭੇਟਾ ਧਰ ਸ਼ਰਧਾ ਅਤੇ ਸਤਿਕਾਰ ਸਹਿਤ ਨਮਸਕਾਰ ਕੀਤੀ। ਜਥੇਦਾਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਿਰਤਾਂਤ ਨੂੰ ਸਾਧ ਸੰਗਤ ਦੇ ਸਨਮੁੱਖ ਪੇਸ਼ ਕੀਤਾ। ਦੀਵਾਨ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਰਣਜੀਤ ਸਿੰਘ ਮੰਨਣ ਪੁੱਤਰ ਸ. ਭਾਗ ਸਿੰਘ, ਗੁਰਜੀਤ ਸਿੰਘ, ਬਲਜੀਤ ਸਿੰਘ ਪੁੱਤਰ ਸ. ਹਰਦੇਵ ਸਿੰਘ ਮਾਡਲ ਟਾਊਨ, ਸ. ਹਰਜਿੰਦਰ ਸਿੰਘ ਨਾਮਧਾਰੀ ਸਟੋਰ, ਸ. ਜਸਵੰਤ ਸਿੰਘ ਪੁੱਤਰ ਜੋਗਿੰਦਰ ਸਿੰਘ ਬਠਿੰਡਾ ਵਿਖੇ ਚਰਨ ਪਾਓਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਜਸਪਾਲ ਸਿੰ ਪੁੱਤਰ ਜਸਮੀਤ ਸਿੰਘ ਅਤੇ ਸੁਰਿੰਦਰ ਸਿੰਘ ਪੁੱਤਰ ਸੰਦੀਪ ਸਿੰਘ, ਸ. ਜਸਵੰਤ ਸਿੰਘ ਫੌਜੀ ਦੇ ਪੋਤਰਿਆਂ ਨੂੰ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ. ਬਲਵੰਤ ਸਿੰਘ ਪੁੱਤਰ ਨਰਿੰਜਨ ਸਿੰਘ ਹਾਊਸਫੈਡ ਕਲੋਨੀ ਅਤੇ ਡਾਕਟਰ ਮਲਕੀਤ ਸਿੰਘ ਬਾਜੇਵਾਲੇ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤਾ।

ਮਿਤੀ 14 ਜਨਵਰੀ 2025 ਦਿਨ ਮੰਗਲਵਾਰ ਨੂੰ ਸਵੇਰੇ ਏਥੇ ਹੀ ਆਸਾ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਪੈਲਸ ਰੋੜ ਮੰਨਤ ਮੈਪਲ ਕਲੋਨੀ ਬਠਿੰਡਾ ਵਿਖੇ ਸ.

ਹਰਪ੍ਰੀਤ ਸਿੰਘ ਪੁੱਤਰ ਸੂਬਾ ਇੰਦਰਜੀਤ ਸਿੰਘ ਮੱਲ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਸ਼ਾਮ ਸਿੰਘ, ਸਰਮੁਖ ਸਿੰਘ ਨੇ ਕੀਤਾ। ਅੱਜ ਮਾਘੀ ਦਾ ਦਿਨ ਸੀ ਸ੍ਰੀ ਸਤਿਗੁਰੂ ਜੀ ਵਾਰ ਸਮਾਪਤੀ ਉਪਰੰਤ ਮਾਘੀ ਦਾ ਮੇਲਾ ਮਨਾਉਣ ਲਈ ਜ਼ਿਲ੍ਹਾ ਮੁਕਤਸਰ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦਾ ਦੌਰਾ ਇਲਾਕਾ ਸ੍ਰੀ ਜੀਵਨ ਨਗਰ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਆਪਣੇ ਦਿੱਤੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਦੀ ਅਰਜ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ, ਆਪਣੇ ਰੁਝੇਵੇਂ ਭਰੇ ਸਮੇਂ ਵਿਚੋਂ ਸਮਾਂ ਕੱਢਕੇ ਜ਼ਰੂਰ ਨਿਵਾਜਦੇ ਹਨ। ਪਿਛਲੇ ਦਿਨੀ ਮਿਤੀ **18 ਜਨਵਰੀ 2025** ਦਿਨ ਸ਼ਨੀਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਆਸਾ ਦੀ ਵਾਰ ਦੇ ਕੀਰਤਨ ਅਤੇ ਤਿੰਨ ਲੜਕੇ ਲੜਕੀਆਂ ਦੇ ਅਨੰਦ ਕਾਰਜਾਂ ਦੀ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਸੇਵਕਾਂ ਅਤੇ ਪੂਜਨੀਕ ਮਾਤਾ ਗੁਰਸ਼ਰਨ ਕੌਰ ਜੀ ਸਮੇਤ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆਂ ਮਾਨਸਾ, ਸਿਰਸਾ ਹੁੰਦੇ ਹੋਏ ਪਿੰਡ ਪ੍ਰਤਾਪ ਨਗਰ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਬਣੇ 'ਜਗਜੀਤ ਮੰਦਰ' ਵਿਖੇ ਸ. ਮਹਿੰਦਰ ਸਿੰਘ ਸਮਸੇਵਾਲੇ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ ਕਥਾ ਕਰ ਰਹੇ ਸਨ। ਕਥਾ ਸਮਾਪਤੀ ਬਾਅਦ ਸ. ਗੁਰਮੀਤ ਸਿੰਘ ਵੜੈਚ ਨੇ ਅਤੇ ਸ. ਸੁਵਰਨ ਸਿੰਘ ਵਿਰਕ ਜੀ ਨੇ ਸ. ਮਹਿੰਦਰ ਸਿੰਘ ਪ੍ਰਤੀ ਸਰਧਾਜ਼ਲੀ ਸ਼ਬਦ ਬੋਲੇ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਵਿਤਰ ਗੁਰਬਾਣੀ ਦੇ ਪਾਠ ਦਾ ਭੋਗ ਸ. ਮਹਿੰਦਰ ਸਿੰਘ ਨਮਿਤ ਪਾਇਆ ਗਿਆ ਅਤੇ ਅਰਦਾਸ ਹੋਈ। ਪ੍ਰਤਾਪ ਨਗਰ ਵਿਖੇ ਬੀਬੀ ਸਿੰਦਰ ਕੌਰ ਪਤਨੀ ਸ. ਗੁਰਚਰਨ ਸਿੰਘ ਨੂੰ ਦਰਸ਼ਨ ਦਿੱਤੇ ਸ. ਰਣਧੀਰ ਸਿੰਘ ਪੁੱਤਰ ਸ. ਦਰਸ਼ਨ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਪਿੰਡ ਭੜੋਲਿਆਂ ਵਾਲੀ ਵਿਖੇ ਸ. ਸਵਰਨ ਸਿੰਘ ਗੁਰੂ ਕੇ ਲਾਲ ਪੁੱਤਰ ਸ. ਤੇਜਾ ਸਿੰਘ ਦੇ ਘਰ ਕਾਕਾ ਸਤਨਾਮ ਸਿੰਘ ਦੇ ਚੜ੍ਹਾਈ ਕਰਨੇ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਸ. ਹਰਭਜਨ ਸਿੰਘ, ਹਰਦੇਵ ਸਿੰਘ ਪੁੱਤਰ ਸ. ਤੇਜਾ ਸਿੰਘ, ਬੂਟਾ ਸਿੰਘ, ਪੂਰਨ ਸਿੰਘ ਪੁੱਤਰ ਸ. ਕਰਤਾਰ ਸਿੰਘ ਦੇ ਘਰ ਵੀ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਏ। ਪਿੰਡ ਬਾਲਾਸਰ ਵਿਖੇ ਹਰਪ੍ਰੀਤ ਸਿੰਘ ਪੁੱਤਰ ਸ. ਸੁਖਦੇਵ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਪਿੰਡ ਸੰਤਾਂ ਵਾਲੀ ਵਿਖੇ ਸ. ਗੁਰਮੇਲ ਸਿੰਘ ਪੁੱਤਰ ਸ. ਅਤਰ ਸਿੰਘ ਸੂਡਵਾਲੇ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਸ੍ਰੀ ਸਤਿਗੁਰੂ ਹਰੀ ਸਿੰਘ ਕਾਲਜ ਵਿਖੇ ਖਿਡਾਰੀ ਬੱਚਿਆਂ ਨੂੰ ਸਟੇਡੀਅਮ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਰਾਤ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ ਮਿਤੀ 19 ਜਨਵਰੀ 2025 ਦਿਨ ਐਤਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਹਰਵਿੰਦਰ ਸਿੰਘ, ਈਸ਼ਰ ਸਿੰਘ ਅਤੇ ਇਕਬਾਲ ਸਿੰਘ ਨੇ ਨਾਮਧਾਰੀ ਧਰਮਸ਼ਾਲਾ ਐਲਨਾਬਾਦ ਵਿਖੇ ਕੀਤਾ। ਬਸੰਤ ਦੀ ਵਾਰ ਗਾਇਨ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਜਸਜੀਤ ਸਿੰਘ ਪੁੱਤਰ ਸ. ਜੈ ਸਿੰਘ, ਸੁਰਿੰਦਰ ਸਿੰਘ ਪੁੱਤਰ ਸੰਤਾਂ ਸਿੰਘ ਨੇ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਐਲਨਾਬਾਦ ਵਿਖੇ ਹੀ ਜਸਵੰਤ ਸਿਮਘ ਪੁੱਤਰ ਗੁਰਦਿਆਲ ਸਿੰਘ, ਬਸੰਤ ਸਿਮਘ ਪੁੱਤਰ ਵਰਿਆਮ ਸਿੰਘ, ਗੁਰਭੇਜ ਸਿੰਘ ਪੁੱਤਰ ਭਗਵਾਨ ਸਿੰਘ, ਮੁਖਤਿਆਰ ਸਿੰਘ ਪੁੱਤਰ ਸੰਤੋਖ ਸਿੰਘ, ਜਸਵਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ, ਦੀਦਾਰ ਸਿੰਘ ਪੁੱਤਰ ਅਵਤਾਰ ਸਿੰਘ ਨਿਊ ਹਰੀ ਪ੍ਰਤਾਪ ਇੰਜਨੀਅਰ ਚਰਕਸ ਅਤੇ ਜੋਗਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਫੈਕਟਰੀ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ. ਜਗਦੀਪ ਸਿੰਘ ਪੁੱਤਰ ਸ. ਦਿਲਾਵਰ ਸਿੰਘ ਦੇ ਘਰ ਚਰਨ ਪਾਏ ਅਤੇ ਬੱਚਿਆਂ ਨੂੰ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ. ਕੇਵਲ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਘਰ ਐਲਨਾਬਾਦ ਵਿਖੇ ਚਰਨ ਪਾਉਣ ਉਪਰੰਤ ਸ. ਬਲਵਿੰਦਰ ਸਿੰਘ ਪੁੱਤਰ ਸ. ਸੰਤੋਖ ਸਿੰਘ ਰੰਧਾਵਾਂ ਦੀ ਢਾਈ ਤੇ ਦਰਸ਼ਨ ਦਿੱਤੇ। ਸਾਗਰਪੁਰੀਏ ਪਰਿਵਾਰ ਤੇ ਕ੍ਰਿਪਾ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਸਰਪੰਚ ਨਿਰਵੈਰ ਸਿੰਘ, ਜੈਲ ਸਿੰਘ, ਕਰਨੈਲ ਸਿੰਘ, ਗੁਰਸੇਵਕ ਸਿੰਘ ਦੇ ਘਰ ਵਿੱਚ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਬਲਦੇਵ ਸਿੰਘ ਵੜੈਚ ਦੇ ਗ੍ਰਹਿ ਵਿਖੇ ਅਮਰਾਸਰ ਦਰਸ਼ਨ ਦਿੱਤੇ। ਕੁਝ ਸਮਾਂ ਟਿੱਬੇ ਫਾਰਮ ਦਾ ਦੌਰਾ ਕਰਨ ਬਾਅਦ ਸ੍ਰੀ ਸਤਿਗੁਰੂ ਜੀ ਨੇ ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਨਾਗਰਾ ਪੁੱਤਰ ਸ.

ਗੁਰਦਿਆਲ ਸਿੰਘ ਦੇ ਗ੍ਰਹਿ ਵਿਖੇ ਨੇੜੇ ਦਾਣਾ ਮੰਡੀ ਸ੍ਰੀ ਜੀਵਨ ਨਗਰ ਵਿਖੇ ਦਰਸ਼ਨ ਦਿੱਤੇ। ਪਿੰਡ ਕਰੀਵਾਲਾ ਵਿਖੇ ਸ. ਕਸ਼ਮੀਰ ਸਿੰਘ ਝੱਬਰ ਦੀ ਮਾਤਾ ਹਰਬੰਸ ਕੌਰ ਪਤਨੀ ਸ. ਕੁੰਦਨ ਸਿੰਘ ਝੱਬਰ ਦੇ ਚੜ੍ਹਾਈ ਕਰਨ ਅਤੇ ਬਲਜੀਤ ਕੌਰ ਪਤਨੀ ਸ. ਕ੍ਰਿਪਾਲ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰਾਂ ਨੂੰ ਦਰਸ਼ਨ ਦਿੱਤੇ ਅਤੇ ਗੁਰਵਿੰਦਰ ਸਿੰਘ ਪੁੱਤਰ ਸ. ਬਲਦੇਵ ਸਿੰਘ ਕਰੀਵਾਲਾ ਦੀ ਢਾਣੀ ਤੇ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਹਾਰਨੀਆਂ ਖੁਰਦ ਵਿਖੇ ਸੰਤੋਖ ਸਿੰਘ ਪੁੱਤਰ ਬਲਬੀਰ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਪਿੰਡ ਹਾਰਨੀਆਂ ਵਿਖੇ ਸ. ਬਲਵਿੰਦਰ ਸਿੰਘ ਕਵੀਸ਼ਰ ਦੇ ਘਰ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਗੁਰਦੁਆਰਾ ਸਾਹਿਬ ਵਿਖੇ ਦਰਸ਼ਨ ਦਿੱਤੇ ਅਤੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮ ਸਿਮਰਨ ਹੋਇਆ। ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਹੁਕਮ ਅਨੁਸਾਰ ਮੈਨੂੰ ਬੋਲਣ ਲਈ ਹੁਕਮ ਹੋਇਆ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਹਰਵਿੰਦਰ ਸਿੰਘ ਹਿੰਦਾ, ਈਸ਼ਰ ਸਿੰਘ ਅਤੇ ਇਕਬਾਲ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ ਸ਼ਬਦ ਸੀ ਕਬੀਰ ਜੀ ਦਾ "ਹਰਿ ਕਾ ਨਾਮ ਨਾ ਜਪਸਿ ਗਵਾਰਾ" ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਮਾਪਿਆਂ ਨੂੰ ਆਪੋ-ਆਪਣੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਹੁਕਮ ਕੀਤਾ ਅਤੇ ਅੰਮ੍ਰਿਤ ਵਟੇਲੇ ਉੱਠ ਕੇ ਸਣਕੇਸੀ ਇਸ਼ਨਾਨ ਕਰਨ ਦਾ ਹੁਕਮ ਵੀ ਦ੍ਰਿੜਾਇਆ। ਏਥੋ ਹੀ ਸੰਤ ਨਗਰ ਵਿਖੇ ਆਣ ਕੇ ਬੱਚੇ-ਬੱਚੀਆਂ ਕੋਲੋਂ ਗੁਰਬਾਣੀ ਦਾ ਪਾਠ ਸ੍ਰੀ ਸਤਿਗੁਰੂ ਜੀ ਨੇ ਸੁਣਿਆ। ਰਾਤ ਮਸਤਾਨਗੜ੍ਹ ਆਣ ਇਸ਼ਨਾਨ ਕੀਤਾ।

ਮਿਤੀ 20 ਜਨਵਰੀ 2025 ਦਿਨ ਸੋਮਵਾਰ- ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਸਿਰਸਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਹਰਵਿੰਦਰ ਸਿੰਘ ਹਿੰਦਾ, ਈਸ਼ਰ ਸਿੰਘ ਅਤੇ ਇਕਬਾਲ ਸਿੰਘ ਨੇ ਕੀਤਾ। ਬਸੰਤ ਦੀ ਵਾਰ ਗਾਇਨ ਕੀਤੀ ਗਈ ਸਮਾਪਤੀ ਉਪਰੰਤ ਬੱਚੀ ਆਸ ਕੌਰ ਪੁੱਤਰੀ ਅਜੀਤ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਲੈਕਚਰ ਕੀਤਾ। ਸਿਰਸਾ ਦੇ ਲੱਕੜ ਜਥੇ ਦੇ ਨੌਜਵਾਨਾਂ ਨੇ ਗੁਰਬਾਣੀ ਦਾ ਸ਼ਬਦ ਗਾਇਨ ਕੀਤਾ "ਗੁਰ ਸੇਵਉ ਕਰਿ ਨਮਸਕਾਰ ਆਜੁ ਹਮਾਰੇ ਮੰਗਲਚਾਰ" ਸਮਾਪਤੀ ਉਪਰੰਤ ਹਰਜੀਤ ਸਿੰਘ ਨੂੰ ਦਰਸ਼ਨ ਦੇਣ ਉਪਰੰਤ ਸ. ਧਿਆਨ ਸਿਮਘ ਮੁਕਤਾ ਦੇ ਘਰ ਪ੍ਰਸ਼ਾਦਾ ਛਕਿਆ। ਸ. ਦਲੇਰ ਸਿੰਘ ਪੁੱਤਰ ਪੰਜਾਬ ਸਿੰਘ, ਅੰਗਰੇਜ਼ ਸਿੰਘ, ਸ. ਆਗਿਆਪਾਲ ਸਿੰਘ ਪੁੱਤਰ ਗੁਰਦੇਵ ਸਿੰਘ ਭੰਗੂਰਵਾਲੇ ਦੇ ਸੋਰੂਮ ਤੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੇ ਹੀ ਕੁਝ ਹੋਰ ਘਰ ਵਿੱਚ ਦਰਸ਼ਨ ਦੇਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਵਾਪਸੀ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਲੇਰਕੋਟਲਾ ਵਾਲੇ ਸ਼ਹੀਦਾਂ ਦੀ ਯਾਦ ਵਿੱਚ ਮੇਲਾ

ਜੁਗ ਪਲਟਾਊ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਅਤੇ ਨਿਵਾਜੇ ਸੰਤ ਖਾਲਸੇ ਦੇ ਸੰਤ ਸਿਪਾਹੀ ਅਤੇ ਸੂਰਬੀਰ ਯੋਧੇ ਜੋ ਦੱਸ ਧਰਮ ਅਤੇ ਗਊ ਗਰੀਬ ਦੀ ਖਾਤਰ ਮਲੇਰਕੋਟਲੇ ਦੇ ਮੈਦਾਨ ਦੇ ਅੰਦਰ ਤੋਪਾਂ ਅੱਗੇ ਛਾਂਤੀਆਂ ਤਾ ਕੇ ਸ਼ਹੀਦ ਹੋਏ ਉਹਨਾਂ ਸਿੰਘਾਂ ਦੀ ਯਾਦ ਨੂੰ ਹਰ ਸਾਲ ਦੀ ਤਰ੍ਹਾਂ ਤਰੋ-ਤਾਜੇ ਕਰਦੇ ਹੋਏ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਪੰਜਾਬ ਸਰਕਾਰ ਵੱਲੋਂ ਰਾਜ ਪੱਧਰੀ ਸਮਾਗਮ ਮੇਲੇ ਦੇ ਰੂਪ ਵਿੱਚ ਕਰਵਾਇਆ ਗਿਆ। ਸਵੇਰੇ ਅੰਮ੍ਰਿਤ ਵੇਲੇ 17 ਜਨਵਰੀ 2025 ਦਿਨ ਸ਼ੁੱਕਰਵਾਰ ਨੂੰ ਆਸਾ ਦੀ ਵਾਰ ਦਾ ਕੀਰਤਨ ਲੁਧਿਆਣਾ ਦੇ ਨੌਜਵਾਨਾਂ ਦੇ ਜਥੇ ਵਲੋਂ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਸਵੇਰੇ ਸ੍ਰੀ ਭੈਣੀ ਸਾਹਿਬ ਤੋਂ ਵਾਇਆ ਦੋਰਾਹਾ, ਪਾਇਲ ਹੁੰਦੇ ਹੋਏ 10 ਵਜੇ ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ. ਸੁਰਿੰਦਰ ਸਿੰਘ ਨਾਮਧਾਰੀ ਨੇ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਦਾ ਸੁਆਗਤ ਬੀਬੀ ਸੁਖਜੀਤ ਕੌਰ ਲੁਧਿਆਣਾ ਵੱਲੋਂ ਕੀਤਾ ਗਿਆ। ਘਾਹ ਦੇ ਮੈਦਾਨ ਵਿਚ ਬਣੇ ਸੁੰਦਰ ਪੰਡਾਲ ਵਿਚ ਦੀਵਾਨ ਅਰੰਭ ਸਨ। ਜਿਸ ਵਿੱਚ ਜਥੇ. ਪ੍ਰੀਤਮ ਸਿੰਘ ਬਰਨਾਲਾ, ਕਵੀਸ਼ਰ ਦਿਲਬਾਗ ਸਿੰਘ ਵਲਟੋਹਾ ਨੇ ਕ੍ਰਮਵਾਰ ਦੀਵਾਨ ਸਜਾਏ। ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿਚ ਦਰਸ਼ਨ ਦਿੱਤੇ ਤਾਂ ਨਾਮ ਸਿਮਰਨ ਦੀ ਅਰਦਾਸ ਨਾਲ ਜਥੇ. ਨਿਸ਼ਾਨ ਸਿੰਘ ਦਿੱਲੀ ਅਤੇ ਜਥੇ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਆਪੋ-ਆਪਣੀ ਵਾਰੀ ਅਨੁਸਾਰ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਨੂੰ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸੰਗਤ ਸਾਹਵੇ ਪੇਸ਼

ਕੀਤਾ। ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ, ਹਰਵਿੰਦਰ ਸਿੰਘ ਹਿੰਦਾ, ਈਸ਼ਰ ਸਿੰਘ ਅਤੇ ਅਜੇਪਾਲ ਸਿੰਘ ਨੇ ਕਬੀਰ ਜੀ ਦਾ ਸ਼ਬਦ ‘‘ਐਸੇ ਮਰਨੇ ਜੋ ਪਰੈ ਬਹੁਰਿ ਨਾ ਮਰਨਾ ਹੋਇ’’ ਗਾਇਨ ਕੀਤਾ ਗਿਆ। ਅੱਜ ਦੇ ਇਸ ਸਮਾਗਮ ਵਿੱਚ ਪੰਜਾਬ ਸਰਕਾਰ ਦੀ ਤਰਫੋ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਸ੍ਰੀ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ, ਸ੍ਰੀ ਹਰਦੀਪ ਸਿੰਘ ਮੁੰਡੀਆਂ ਕੈਬਨਿਟ ਮੰਤਰੀ ਪੰਜਾਬ, ਹਲਕਾ ਅਮਰਗੜ੍ਹ ਦੇ ਐਮ.ਐਲ.ਏ ਸ੍ਰੀ ਜਮੀਲ ਉਲਾ ਰਹਿਮਾਨ ਉਚੇਚੇ ਤੌਰ 'ਤੇ ਪਧਾਰੇ। ਸ਼੍ਰੋਮਣੀ ਅਕਾਲੀ ਦਲ ਵਲੋਂ ਸ. ਇਕਬਾਲ ਸਿੰਘ ਝੂੰਦਾ, ਕਾਂਗਰਸ ਪਾਰਟੀ ਵਜੋਂ ਸ. ਮਲਕੀਤ ਸਿੰਘ ਦਾਖਾਂ, ਸ. ਗੁਰਬਚਨ ਸਿੰਘ ਮੱਖਾਂ ਰਾਸਟਰੀ ਸਿੱਖ ਸੰਗਤ ਵਲੋਂ। ਸ. ਹੀਰਾ ਸਿੰਘ ਗਾਬੜੀਆਂ ਮੰਤਰੀ, ਸ. ਅਮਰਜੀਤ ਸਿੰਘ ਪ੍ਰਧਾਨ ਪੰਜਾਬ ਕ੍ਰਿਕਟ ਐਸੋਸੀਏਸ਼ਨ, ਪੰਜਾਬ ਸੀਵਰਜ ਬੋਰਡ ਦੇ ਚੇਅਰਮੈਨ, ਮਹੰਤ ਹਰਪਾਲ ਦਾਸ ਜੀ ਡੇਰਾ ਇਮਾਮਗੜ੍ਹ ਸਭਨਾ ਨੇ ਸ਼ਹੀਦਾਂ ਪ੍ਰਤੀ ਸ਼ਰਧਾ ਸਤਿਕਾਰ ਭੇਂਟ ਕਰਦੇ ਹੋਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਨੂੰ ਤਾਜਾ ਕੀਤਾ। ਨਾਮਧਾਰੀ ਵਿਦਵਾਨ ਅਤੇ ਉੱਘੇ ਲੇਖਕ ਸ. ਸੁਵਰਨ ਸਿੰਘ ਵਿਰਕ ਅਤੇ ਸੰਤ ਨਿਸ਼ਾਨ ਸਿੰਘ ਕਥਾਵਾਚਕ ਜੀ ਨੇ ਸ਼ਹੀਦਾਂ ਦੇ ਸਿਰਜੇ ਹੋਏ ਉਸ ਗੋਰਵਮਈ ਇਤਿਹਾਸ ਨੂੰ ਸੰਗਤ ਦੇ ਰੂਬਰੂ ਪੇਸ਼ ਕੀਤਾ। ਸੰਤ ਸੁਰਿੰਦਰ ਸਿੰਘ ਨਾਮਧਾਰੀ ਨੇ ਇਸ ਸ਼ਹੀਦੀ ਸਮਾਰਕ ਦੀ ਉਸਾਰੀ ਦਾ ਸਮੁੱਚ ਬਿਰਤਾਂਤ ਆਏ ਹੋਏ ਪੰਜਾਬ ਸਰਕਾਰ ਦੇ ਨੁਮਾਦਿਆਂ ਸਾਹਵੇ ਪੇਸ਼ ਕੀਤਾ। ਜਿਲ੍ਹਾ ਮਲੇਰਕੋਟਲਾ ਦੇ ਡੀ.ਸੀ. ਮੈਡਮ ਪਲਵੀ ਜੀ ਅਤੇ ਐਸ.ਐਸ.ਪੀ ਸ. ਗਗਨ ਅਜੀਤ ਸਿੰਘ ਦੀ ਦੇਖ ਰੇਖ ਹੇਠ ਬਹੁਤ ਵਸੀਆਂ ਪ੍ਰਬੰਧ ਪ੍ਰਸਾਸਨ ਵਲੋਂ ਕੀਤਾ ਗਿਆ ਅਤੇ ਵਿੱਚ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ ‘‘ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਅਸੀਂ ਸਿਰਜ ਸਕੀਏ’’ ਇਸ ਦੇ ਨਾਲ ਹੀ ਅੱਜ ਦੇ ਏਸ ਸਮਾਗਮ ਦੀ ਸਮਾਪਤੀ ਦੀ ਅਰਦਾਸ ਹੋਈ।

**ਸੂਬਾ ਬਲਵਿੰਦਰ ਸਿੰਘ ਝੱਲ**

........................................................

## Peace Conference at Wininpeg

**4-11-2024**

University of Manitoba, Winnipeg Canada in partnership with MISL Winnipeg,



Baleyo Charaag and Jewish Foundation hosted an event in Winnipeg to celebrate "Oneness" by Guru Nanak Dev Ji. The gathering beautifully honored Guru Nanak Dev Ji's teachings of unity and compassion.

On behalf of the Namdhari Sikh Sangat of Winnipeg, Basant Singh shared profound reflections on the Guru Ji's teachings. Got complemented as the words inspired by the life of Sri Guru Nanak Dev Ji and the legacy of Sri Satguru Jagjit Singh Ji, touched the hearts of all in attendance.

**Basant Singh**

........................................................

## ਮਹਾਂ-ਕਾਵਿ 'ਸੱਚ ਦਾ ਸੂਰਜ' ਲੋਕ ਅਰਪਣ

ਲੁਧਿਆਣਾ- ਵਿਸ਼ਵ ਪੰਜਾਬੀ ਕਵੀ ਸਭਾ ਵੱਲੋਂ ਸ਼੍ਰੀ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕੇਂਦਰੀ ਦਫ਼ਤਰ ਮਾਡਲ ਟਾਊਨ ਐਕਸਟੈਂਸ਼ਨ ਲੁਧਿਆਣਾ ਵਿਖੇ ਕਰਵਾਏ ਗਏ ਸ਼ਾਨਦਾਰ ਵਿਮੋਚਨ ਸਮਾਰੋਹ ਵਿਰਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਤੇ ਬਹੁਪੱਖੀ ਜੀਵਨ ਤੇ ਤਿੰਨ ਸਾਲ ਦੀ ਸਫਲ ਘਾਲਣਾ ਨਾਲ ਜੋਗਿੰਦਰ ਸਿੰਘ ਕੰਗ ਵਲੋਂ ਅੱਠ ਖੰਡਾਂ ਵਿੱਚ ਲਿਖੇ ਗਏ ਮਹਾਂ-ਕਵਿ  ਸੱਚ ਦਾ ਸੂਰਜ ਨੂੰ ਕ ਅਰਪਣ ਕੀਤਾ ਗਿਆ ਜਿਸ ਵਿਚ ਮੁੱਖ ਮਹਿਮਾਲ ਵਜੋਂ ਸੂਬਾ ਬਲਵਿੰਦਰ ਸਿੰਘ ਝੱਲ ਪ੍ਰਧਾਨ ਨਾਮਧਾਰੀ ਦਰਬਾਰ (ਸ਼੍ਰੀ ਭੈਣੀ ਸਾਹਿਬ) ਅਤੇ ਪ੍ਰਧਾਨਗੀ ਮੰਡਲ ਵਿੱਚ ਸਰਦਾਰ ਗੁਰਮੀਤ ਸਿੰਘ ਡਾਇਰੈਕਟਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਸਾਬਕਾ



ਆਨਰੇਰੀ ਸਕੱਤਰ ਸ਼੍ਰੀ ਅਕਾਸ ਤਖਤ ਸਾਹਿਬ), ਡਾਕਟਰ ਇੰਦਰਜੀਤ ਸਿੰਘ ਵਾਸੂ, ਡਾ. ਬਲਵਿੰਦਰ ਪਾਲ ਸਿੰਘ (ਸੰਪਾਦਕ ਸਾਡਾ ਵਿਰਸਾ ਸਾਡਾ ਗੌਰਵ) ਸੂਬਾ ਹਰਭਜਨ ਸਿੰਘ ਲੁਧਿਆਣਾ ਅਤੇ ਲੇਖਕ ਜੋਗਿੰਦਰ ਸਿੰਘ ਕੰਗ ਸੁਸ਼ੋਭਿਤ ਹੋਏ। ਸਟੇਜ ਦਾ ਬਾਖੂਬੀ ਸੰਚਾਲਨ ਕਰਦਿਆਂ ਹੋਇਆਂ ਵਿਸ਼ਵ- ਪੰਜਾਬੀ ਕਵੀ ਸਭਾ ਦੇ ਜਨਰਲ ਸਕੱਤਰ ਅਡਵੋਕੇਟ ਅਵਤਾਰ ਸਿੰਘ ਕਾਲੜਾ ਨੇ ਹਾਜ਼ਰ ਕਵੀਆਂ/ਕਵਿੱਤ੍ਰੀਆਂ/ਵਿਦਵਾਨਾਂ ਅਤੇ ਪਤਵੰਤੇ ਸੱਜਣਾ ਨੂੰ ਜੀ ਆਇਆਂ ਆਖਿਆ ।

ਇਸ ਮੌਕੇ ਸ. ਗੁਰਮੀਤ ਸਿੰਘ ਨੇ ਲੇਖਕ ਕੰਗ ਜੀ ਦੁਆਰਾ ਵੱਖ-2 ਛੰਦਾਂ ਵਿੱਚ ਲਿਖੇ ਮਹਾਂ-ਕਾਵਿ ਸੱਚ ਦਾ ਸੂਰਜ ਦੀ ਭਰਪੂਰ ਪ੍ਰਸੰਸਾ ਕੀਤੀ। ਉੱਘੇ ਵਿਦਵਾਨ ਡਾਕਟਰ ਇੰਦਰਜੀਤ ਸਿੰਘ ਵਾਸੂਨੇ ਕਿਹਾ ਸੱਚ ਦਾ ਸੂਰਜ ਮਹਾਂ ਕਵਿ ਵਿੱਚ ਜੋਗਿੰਦਰ ਸਿੰਗ ਕੰਗ ਨੇ ਜੁਗ ਪੁਰਸ਼ ਗੁਰੂ ਨਾਨਕ ਦੇਵ ਜੀ ਦੇ ਮਹਾਨ, ਵਚਿੱਤਰ ਤੇ ਬਹੁਪੱਖੀ ਜੀਵਨ ਦਾ ਸਮੁੱਚਾ ਵਿਵਰਣ ਉਲੀਕਿਆ ਹੈ। ਆਥਾਹ ਇਤਿਹਾਸਿਕ ਗਿਆਨ, ਕਾਵਿ-ਪ੍ਰਖੱਕਤਾ ਅਤੇ ਘਟਨਾਵਾਂ ਦੇ ਸਫਲ ਕਾਵਿ- ਰੂਪਾਂਤਰਨ ਦੁਆਰਾ ਇਹ ਇੱਕ ਅਦੁੱਤੀ ਤੇ ਬਹੁਮੁੱਲੀ ਕਾਵਿ-ਰਚਨਾ ਦ੍ਰਿਸ਼ਟੀਗੋਚਰ ਹੁੰਦੀ ਹੈ। ਡਾਕਟਰ ਬਲਵਿੰਦਰ ਪਾਸ ਸਿੰਘ ਨੇ ਮਹਾਂ-ਕਾਵਿ ਪਰੰਪਰਾ ਦੇ ਸੰਦਰਭ ਵਿਚ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਹ ਮਹਾਂਕਵਿ ਇੱਕ ਉਤਕ੍ਰਿਸ਼ਟਰਚਨਾ ਹੈ ਜਿਸ ਨੂੰ ਹੋਰ ਭਸ਼ਾਵਾਂ ਵਿੱਚ ਵੀ ਅਨੁਵਾਦ ਕਰਨ ਦੀ ਲੋੜ ਹੈ। ਲੇਖਕ ਨੇ ਆਪਣੀ ਕਾਵਿ-ਪ੍ਰਤਿਭਾ ਦੁਆਰਾ ਪਾਠਕਾਂ ਨੂੰ ਗੁਰੂ ਜੀ ਦੀਆ ਚਾਰ ਉਦਾਸੀਆਂ ਦੀ ਸ਼ਬਦ ਕਾਵਿਕ ਯਾਤਰਾ ਕਰਵਾ ਦਿੱਤੀ ਹੈ। ਸੂਬਾ ਹਰਭਜਨ ਸਿੰਘ ਲੁਧਿਆਣਾ ਨੇ ਮਹਾਂ ਕਵਿ ਦੀ ਸੰਪੂਰਨਤਾ ਤੇ ਲ਼ੇਖਕ ਨੂੰ ਵਧਾਈ ਦਿੱਤੀ। ਮੁੱਖ ਮਹਿਮਾਨ ਸੂਬਾ ਬਲਵੁੰਦਰ ਸਿੰਘ ਝੱਲ ਜੀ ਨੇ ਇਸ ਸਫਲ ਵਿਮੋਚਨ ਸਮਾਰੋਹ ਦੀ ਲੇਖਕ ਤੇ ਸਮੁੱਚੀ ਵਿਸ਼ਵ ਪੰਜਾਬੀ ਕਵੀ ਸਭਾ ਨੂੰ ਮਬਾਰਕਬਾਦ ਦਿੱਤੀ ਤੇ 172 ਕਵਿਤਾਵਾਂ ਵਾਲੇ ਇਸ ਮਹਾਂ ਪਰੰਪਰਾ ਵਿੱਚ ਇੱਕ ਵਿਲੱਖਣ ਤੇ ਲਾਸਾਨੀ ਕਾਵਿ-ਰਚਨਾ ਦਰਸਾਇਆਂ।

ਇਸ ਮੌਕੇ ਸ਼ਾਨਦਾਰ ਕਵੀ ਦਰਬਾਰ ਵੀ ਹੋਇਆ ਜਿਸ ਵਿੱਚ ਜੋਗਿੰਦਰ ਸਿੰਘ ਕੰਗ, ਕਿਰਪਾਲ ਸਿੰਘ ਕਾਲੜਾ, ਸੁਰਜੀਤ ਸਿੰਘ ਜੀਤ, ਅਮਰਜੀਤ ਸਿੰਘ ਸ਼ੇਰਪੁਰੀ, ਗੁਰਵਿੰਦਰ ਸਿੰਘ ਸ਼ੇਰਗਿੱਲ, ਹੀਰਾ ਸਿੰਘ ਕੋਮਲ, ਹਰਦੇਵ ਸਿੰਘ ਕਲਸੀ, ਗੁਰਸੇਵਕ ਸਿੰਘ ਢਿਲੋਂ, ਚਰਨਜੀਤਚ ਸਿੰਘ ਚੰਨ, ਭੁਪਿੰਦਰ ਸਿੰਘ ਸੈਣੀ ,ਸੰਪੂਰਨ ਸਿੰਘ ਸਨਮ, ਪਰਮਜੀਤ ਕੌਰ ਮਹਿਕ, ਜਸਵਿੰਦਰ ਕੌਰ ਜੱਸੀ, ਮਨਪ੍ਰੀਤ ਕੌਰ, ਨਵਨੀਤ ਕੌਰ ਅਤੇ ਅਮਨਦੀਪ ਕੌਰ ਨੇ ਆਪੋ ਆਪਣੀਆਂ ਕਵਿਤਾਵਾਂ ਤੇ ਗੀਤਾਂ ਦੁਆਰਾ ਖੂਬ ਰੰਗ ਬਮਨਿਆਂ। ਹਾਜ਼ਰ ਪਤਵੰਤੇ ਸੱਜਣਾਂ ਨੂੰ ਸਨਮਾਨਿਤ ਵੀ ਕੀਤਾ ਗਿਆਂ।

ਇਸ ਮੌਕੇ ਗੁਰਦੀਪ ਸਿੰਘ ਮੰਡਾਹਰ, ਰਣਜੀਤ ਸਿੰਘ ਰਾਣਾ, ਰਾਜ ਕੁਮਾਰ ਕੁੱਕੀ, ਗੁਰਦਿਆਲ ਸਿੰਘ ਬਾਜਵਾ (ਟੋਰਾਂਟੋ) ਅਤੇ ਜੋਬਨ ਪ੍ਰੀਤ ਸਿੰਘ ਕੰਗ ਸਮੇਤ ਅਨੇਕਾਂ ਕਾਵਿ-ਰਸੀਏ ਹਾਜ਼ਰ ਸਨ।

**ਐਡਵੇਕੋਟ ਕਿਰਪਾਲ ਸਿੰਘ ਕਾਲੜਾ**

.........................................................

## ਦਿੱਲੀ ਵਿਖੇ ਨਾਮਧਾਰੀ ਖੇਡ ਪ੍ਰਤੀਯੋਗਤਾ ਕਰਵਾਈ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਸਦਕਾ ਨਾਮਧਾਰੀ ਵਿਦਿਅਕ ਜੱਥਾ ਦਿੱਲੀ ਵਲੋਂ 27 ਅਪ੍ਰੈਲ 2025 ਨੂੰ Namdhair Sports Meet ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਰੱਸਾ-ਕੱਸੀ ਅਤੇ ਬੈਡਮਿੰਟਨ ਦੀ ਖੇਡ ਕਰਵਾਈ ਗਈ। ਲੜਕਿਆਂ ਦੀ ਰੱਸਾ ਕੱਸੀ ਵਿਚ ਰਮੇਸ਼ ਨਗਰ, ਸਾਹਿਬ ਪੁਰਾ, ਵਿਸ਼ਨੂੰ ਗਾਰਡਨ, ਸਾਹਿਬਾ ਬਾਦ, ਰੈਸਟ ਆਫ ਦਿੱਲੀ ਦੀਆਂ ਕੁੱਲ ਸਤ ਟੀਮਾ ਨੇ ਭਾਗ ਲਿਆ। ਜਿਸ ਵਿਚੋਂ ਟੀਮ ਰਮੇਸ਼ ਨਗਰ ਪਹਿਲਾ ਸਥਾਨ ਅਤੇ ਟੀਮ ਸਾਹਿਬਪੁਰਾ ਦੂਜਾ ਸਥਾਨ ਹਾਸਲ ਕਰਕੇ ਜੇਤੂ ਰਹੇ। ਲੜਕੀਆਂ ਦੀਆਂ ਦੋ ਟੀਮਾਂ ਵਿਚ ਰਮੇਸ਼ ਨਗਰ ਪਹਿਲਾ ਸਥਾਨ ਅਤੇ ਸਾਹਿਬ ਪੁਰਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਕੋਰਟ ਵਿਚ ਬੈਡਮਿੰਟਨ ਦੇ ਮੈਚ ਕਰਵਾਏ ਗਏ। ਉਮਰ 13-15 ਸਾਲ, 16-19 ਸਾਲ ਅਤੇ 20 ਸਾਲ ਤੋਂ ਉਪਰ ਦੀ ਵਰਗ ਵੰਡ ਵਿੱਚ 125 ਦੇ ਕਰੀਬ ਲੜਕੇ-ਲੜਕੀਆਂ ਨੇ ਭਾਗ ਲਿਆ। ਜੇਤੂ ਬੱਚਿਆਂ ਨੂੰ ਮੈਡਲ ਦੇਕੇ ਸਨਮਾਨਿਤ ਕੀਤਾ

ਗਿਆ। ਬੱਚਿਆਂ ਲਈ ਲੰਗਰ, ਫਰੂਟ, ਆਈਸਕ੍ਰੀਮ ਅਤੇ ਹੋਰ ਕਈ ਤਰਾਂ ਦੇ ਪੀਣ ਵਾਲੇ ਪਦਾਰਥਾਂ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਜਿਸਦਾ ਬੱਚਿਆਂ ਨੇ ਭਰਪੂਰ ਆਨੰਦ ਲਿਆ।

ਬੱਚਿਆਂ ਦੀ ਹੌਂਸਲਾ ਅਫਜ਼ਾਈ ਕਰਨ 'ਤੇ ਅਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ ਤੇ ਸੂਬਾ ਅਰਵਿੰਦ ਸਿੰਘ,ਸੂਬਾ ਜਗਤਾਰ ਸਿੰਘ ਭੱਟੀ, ਸੂਬਾ ਹਰਜੀਤ ਸਿੰਘ 'ਮੁਠੱਡਾ', ਸੰਤ ਗਿਆਨ ਸਿੰਘ, ਸੰਤ ਟਹਿਲ ਸਿੰਘ, ਸ. ਜਸਵੰਤ ਸਿੰਘ, ਸ. ਗੁਰਭੇਜ ਸਿੰਘ ਗੁਰਾਇਆ, ਸ. ਜੁਝਾਰ ਸਿੰਘ, ਸ. ਸੁਰਅੰਮ੍ਰਿਤ ਸਿੰਘ ਹੰਸਪਾਲ, ਸ. ਹਰਵਿੰਦਰ ਸਿੰਘ ਰਾਜਾ, ਸ. ਪਰਮਜੋਤ ਸਿੰਘ, ਸ. ਗੁਰਮੁਖ ਸਿੰਘ, ਡਾਇਰੈਕਟਰ ਸਤਵੰਤ ਕੌਰ, ਡਾ. ਕੋਮਲਪ੍ਰੀਤ ਕੌਰ ਇਤਿਆਦਿ ਨੇ ਸ਼ਮੂਲੀਅਤ ਕੀਤੀ। ਇਸ ਸਾਰੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਦੇ ਸੇਵਾਦਾਰ, ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਚੇਅਰ ਮੈਂਬਰ ਅਤੇ ਨਾਮਧਾਰੀ ਸਾਧ ਸੰਗਤ ਦਿੱਲੀ ਦਾ ਵਿਸ਼ੇਸ਼ ਯੋਗਦਾਨ ਰਿਹਾ। **ਜਥੇ. ਨਿਸ਼ਾਨ ਸਿੰਘ ਦਿੱਲੀ**

.....................................................

## ਸੰਤ ਇੰਦਰਜੀਤ ਸਿੰਘ ਰਕਬੇ ਵਾਲੇ ਬ੍ਰਹਮਲੀਨ ਹੋਏ

ਬ੍ਰਹਮ-ਸ਼ਰੋਤਰੀ ਮਹਾਤਮਾ ਸੰਤ ਇੰਦਰਜੀਤ ਸਿੰਘ ਰਕਬੇ ਵਾਲੇ ਜੀਵਨ ਦੇ ਨੌਵੇਂ ਦਹਾਕੇ ਵਿਚ ਸੰਸਾਰਿਕ ਯਾਤਰਾ ਸੰਪੂਰਨ ਕਰਕੇ 29 ਅਪ੍ਰੈਲ 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਸੰਤ ਜੀ ਨੂੰ ਬਚਪਨ ਦੇ ਦੂਜੇ ਦਹਾਕੇ ਤੋਂ ਵਿਦਿਆ ਮਾਰਤੰਡ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰਬਾਣੀ ਸੰਥਿਆ ਦੇ ਨਾਲ ਅਨੇਕਾਂ ਹੋਰ ਗ੍ਰੰਥਾਂ ਦਾ ਅਧਿਐਨ ਕੀਤਾ। ਵਿਦਿਆ



ਪੜ੍ਹਦੇ ਤਾਂ ਅਨੇਕਾਂ ਹਨ ਵਿਦਿਆ ਨੂੰ ਅਮਲੀ ਜਾਮਾ ਪਹਿਨਾਉਣ ਦਾ ਕਾਰਜ ਸੰਤ ਜੀ ਜੈਸੇ ਮਹਾਂਪੁਰਸ਼ ਵਿਰਲੇ ਹੀ ਕਰਦੇ ਹਨ। ਸੰਤ ਜੀ ਨਿਰਮਾਣਤਾ ਦੇ ਪੁੰਜ ਸਨ ਆਪਣੇ ਤੋਂ ਛੋਟੇ ਨੂੰ ਵੀ ਬੜੇ ਪਿਆਰ ਨਾਲ ਝੁਕਕੇ ਮਿਲਣਾ, ਗੁਣੀ ਜਨਾ ਦੀ ਕਦਰ ਕਰਦਿਆਂ ਪੈਰੀਂ ਹੱਥ ਲਾਉਣ ਤਕ ਜਾਂਦੇ ਸਨ। ਸੰਤ ਜੀ ਅਕਸਰ ਇਹ ਬਚਨ ਕਰਦੇ ਹੁੰਦੇ ਸਨ "ਭਾਈ ਗੁਰੂ ਨਾਨਕ ਦਾ ਮੱਤ ਅਦਵੈਤ ਮਤ ਹੈ....ਕਿਸੇ ਨਾਲ ਦਵੈਸ਼ ਨਹੀਂ.....ਅਗਰ ਦਵੈਸ਼ ਹੈ ਤਾਂ ਸਿੱਖੀ ਨਹੀਂ।" ਸ੍ਰੀ ਸਤਿਗੁਰੂ ਉਦੇ ਸਿੰਘ ਜੀ ਬੜੀ ਵਾਰੀ ਇਹ ਬਚਨ ਕਰਦੇ ਹਨ ਕਿ " ਰਕਬੇ ਵਾਲੇ ਸੰਤ ਜੀ ਪੂਰਨ ਬ੍ਰਹਮ ਗਿਆਨੀ ਹਨ....ਅਜੋਕੇ ਸਮੇਂ ਚ ਐਸੇ ਸੰਤ ਵਿਰਲੇ ਹੀ ਹਨ। "ਐਸੇ ਜਨ ਵਿਰਲੇ ਸੰਸਾਰੇ। ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ।" ਆਖਰੀ ਸਮੇਂ ਤਕ ਵੀ ਸੰਤ ਜੀ ਲਗਾਤਾਰ ਬੱਚਿਆਂ ਨੂੰ ਵਿਦਿਆ ਪੜ੍ਹਾਉਂਦੇ ਰਹੇ। ਬਿਨਾਂ ਵਿਤਕਰੇ ਤੋਂ ਉਹਨਾਂ ਨੇ ਹਜ਼ਾਰਾਂ ਬੱਚਿਆਂ ਨੂੰ ਗੁਰਬਾਣੀ ਗਿਆਨ ਨਾਲ ਜੋੜਕੇ ਵਡੇ ਵਿਦਵਾਨ ਪੰਥ ਦੀ ਝੋਲੀ 'ਚ ਪਾਏ ਹਨ। ਸੰਤ ਜੀ ਦਾ ਅੰਤਮ ਸਸਕਾਰ ਨਿਰਮਲ ਬੁੰਗਾ ਆਸ਼ਰਮ ਪਿੰਡ ਸਹੌੜੀ ਜ਼ਿਲਾ ਮੁਹਾਲੀ ਵਿਖੇ 1 ਮਈ ਦਿਨ ਵੀਰਵਾਰ ਨੂੰ ਕੀਤਾ ਗਿਆ। ਸ੍ਰੀ ਭੈਣੀ ਸਾਹਿਬ ਤੋਂ ਵਿਸ਼ੇਸ਼ ਕਰਕੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਸੂਬਾ ਬਲਵਿੰਦਰ ਸਿੰਘ ਝੱਲ, ਗੁਰਲਾਲ ਸਿੰਘ, ਗੁਰਸੇਵਕ ਸਿੰਘ, ਜਥੇ. ਹਰਪਾਲ ਸਿੰਘ ਆਦਿਕ ਸਰੀਰ ਗਏ ਅੰਤਮ ਵਿਦਾਈ ਦੀਆਂ ਰਸਮਾਂ ਨਿਭਾਈਆਂ।

**ਨਿਸ਼ਾਨ ਸਿੰਘ ਦਿੱਲੀ**

## Matrimonial


**Name: Er. Shivdeep singh**
Date of Birth: 19 june, 1999
Height: 5' 9"
Education: B.Tech (Computer Science)
Caste: Arora (sachdeva)
Occupation: Working in NPCI (National payment corporation of india) Hyderabad.
Package - 15+ lakh per annum
9780237810 (Amritsar)

.....................................................

**Ramghariya Boy**
Age - 28
Height - 5'10"
Education- Btech (Mech), MBA
Goth - Sura
Occupation - Timber/Plywood Businessman
Mobile Number- 9815532386

.....................................................









ਵਿਨੀਪੈਗ ਕੈਨੇਡਾ ਦੀ ਸਾਧ-ਸੰਗਤ ਵੱਲੋਂ ਵੈਸਾਖੀ ਦਾ
ਦਿਹਾੜਾ ਮਨਾਇਆ ਗਿਆ







ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧ ਅਖੰਡ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ
ਰਜਿੰਦਰ ਸਿੰਘ ਭੰਗਵਾਂ ਦੇ ਸ਼ੋਅਰੂਮ ਰੌਣਕ ਰਾਜਾ ਵੁੱਡ ਲੈਂਡ ਅੰਮ੍ਰਿਤਸਰ ਵਿਖੇ
ਪਾਇਆ ਗਿਆ - 22/01/2025



Date of Publication: 6 May 2025
Date of Posting: 8 May 2025

RNI NO.55658/93
LDM/008/2021-2023

# ਅਸਟ੍ਰੇਲੀਆ ਨਿਊਜ਼ੀਲੈਂਡ ਦੌਰਾ ਅਪ੍ਰੈਲ 2025











Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.